# ਸਾਂਝੀ ਵਿਰਾਸਤ

ਜਿਲਦ 3 ਅੰਕ 28 | 2024 | 1-ਵੈਸਾਖ (14-ਅਪਰੈਲ)



**ਸਾਂਝੀ ਵਿਰਾਸਤ (Shared Heritage)**

**ਪੰਜਾਬੀ ਭਾਸ਼ਾ, ਸਭਿਅਤਾ, ਇਤਿਹਾਸ ਅਤੇ ਵਿਰਾਸਤ ਦੀ ਔਨਲਾਈਨ**

**ਗੈਰ-ਸਿਆਸੀ ਮਾਸਿਕ ਮੈਗਜ਼ੀਨ**

A monthly Non-political, Not-for-profit (Bilingual) On-line magazine of

**Panjabi Language, Culture, History and Heritage**

Website: **sanjhivirasat.org**

## ਸਾਂਝੀ ਵਿਰਾਸਤ (1-ਵੈਸਾਖ / 14-ਅਪਰੈਲ 2024)

### ਵਿਸ਼ਾ ਸੂਚੀ


| | | | |
|---|---|---|---|
| 1. | ਸੰਪਾਦਕੀ ਨੋਟ | ਮੁਖ ਸੰਪਾਦਕ | 3 |
| 2. | ਵਿਆਖਿਆ ਬਾਰਹ ਮਾਹਾ ਤੁਖਾਰੀ ਮ: 1 | ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ | 4 |
| 3. | ਵਿਆਖਿਆ ਬਾਰਹ ਮਾਹਾ ਮਾਂਝ ਮ: 5 | ਸਰਦਾਰ ਕਰਮਜੀਤ ਸਿੰਘ ਨੂਰ | 5 |
| 4. | ਵਿਸਾਖੀ (14 ਅਪਰੈਲ) | ਡਾ. ਸਰਦਾਰ ਰਾਜਬੀਰ ਸਿੰਘ ਭੱਟੀ | 7 |
| 5. | ਗੁਰਪੁਰਬਾਂ ਦੀਆਂ ਪੱਕੀਆਂ ਤਰੀਕਾਂ | ਗਲੋਬਲ ਸਿੱਖ ਕੌਂਸਿਲ | 9 |
| 6. | ਸਿੱਧ ਗੋਸਟਿ ਦਾ ਸਾਰ - ਭਾਗ 4 | ਡਾ. ਸਰਦਾਰ ਸੁਰਜੀਤ ਸਿੰਘ ਭੱਟੀ | 11 |
| 7. | ਬੇਦਾਵਾ-ਕਿੱਥੇ, ਕਦੋਂ ਤੇ ਕਿਨ੍ਹਾਂ ਲਿਖਿਆ? ਅਨੰਦਪੁਰ ਸਾਹਿਬ (ਭਾਗ - 1) | ਡਾ. ਸਰਦਾਰ ਕਾਬਲ ਸਿੰਘ ਅਤੇ ਡਾ. ਸਰਦਾਰ ਬਲਦੇਵ ਸਿੰਘ | 13 |
| 8. | ਛੇੜ ਮਰਦਾਨਿਆ ਰਬਾਬ … | ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ | 15 |
| 9. | ਗੁਰੂ ਨਾਨਕ ਦੀਆਂ ਯਾਤਰਾਵਾਂ | ਸਰਦਾਰ ਰਣਸ਼ੇਰ ਰਾਜ ਸਿੰਘ | 16 |
| 10. | ਗੁਰੂ ਨਾਨਕ ਤੇਰੀ ਬਾਣੀ | ਸਰਦਾਰ ਜਸਵਿੰਦਰ ਸਿੰਘ ਰੁਪਾਲ | 17 |
| 11. | ਧੰਨ ਨਾਨਕ ਤੇਰੀ ਵੱਡੀ ਕਮਾਈ | ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ | 19 |
| 12. | ਸਦਾ ਸੁਖ ਲਈ ਨਾਮ ਜਪਣਾਂ ਜਰੂਰੀ | ਸਰਦਾਰਨੀ ਦਾਸੀ ਦਵਿੰਦਰ ਕੌਰ ਤੇ ਡਾ. ਸਰਦਾਰ ਕਾਬਲ ਸਿੰਘ | 21 |
| 13. | ਸਾਬਤ ਸੂਰਤਿ ਦਸਤਾਰ ਸਿਰਾ | ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ | 24 |
| 14. | ਪੰਜਾਬੀ ਭਾਸ਼ਾ ਬਾਰੇ ਵੈਬੀਨਾਰ | ਗਲੋਬਲ ਸਿੱਖ ਕੌਂਸਿਲ | 26 |
| 15. | ਸਾਨੂੰ ਇਨ੍ਹਾਂ ਤੇ ਮਾਣ ਹੈ | (Bio-Aro, Calgary) | 28 |
| 16. | ਧਰਤੀ ਦਿਵਸ (22 ਅਪਰੈਲ) | ਸਰਦਾਰਨੀ ਨਰਿੰਦਰ ਕੌਰ | 29 |
| 17. | ਹੋਲਾ ਮਹੱਲਾ ਬਨਾਮ ਹੋਲੀ | ਗਿਆਨੀ ਸਰਦਾਰ ਅਵਤਾਰ ਸਿੰਘ | 31 |
| 18. | ਗੁਰੂ ਗੋਬਿੰਦ ਸਿੰਘ ਜੀ ਦੇ 52 ਹੁਕਮ | (ਨੰਦੇੜ ਸਾਹਿਬ) | 33 |
| 19. | ਮਿਥਿਆ ਤਨ ਨਹੀ ਪਰਉਪਕਾਰਾ: ਭਾਗ-1 | ਡਾ. ਸਰਦਾਰ ਬਲਦੇਵ ਸਿੰਘ | 34 |
| 20. | ਇਸ ਅੰਕ ਦੇ ਲੇਖਕਾਂ ਬਾਰੇ ਜਾਣਕਾਰੀ | ਸਾਂਝੀ ਵਿਰਾਸਤ | 37 |
| 21. | ਲੇਖਕਾਂ ਲਈ ਜ਼ਰੂਰੀ ਜਾਣਕਾਰੀ | ਐਡੀਟੋਰੀਅਲ ਬੋਰਡ | 39 |
| 22. | ਐਡੀਟੋਰੀਅਲ ਬੋਰਡ ਅਤੇ ਸਲਾਹਕਾਰ | ਸਾਂਝੀ ਵਿਰਾਸਤ | 40 |

## ਸੰਪਾਦਕੀ ਨੋਟ (ਵੈਸਾਖ / ਅਪਰੈਲ 2024 ਅੰਕ)

ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਵੈਸਾਖ ਦਾ ਮਹੀਨਾ 14 ਅਪਰੈਲ ਤੋਂ ਸ਼ੁਰੂ ਹੁੰਦਾ ਹੈ। ਪਹਿਲੀ ਵੈਸਾਖ (ਵਿਸਾਖੀ) ਦੇ ਦਿਨ ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਪੁਰਬ ਹੈ। ਵਿਸਾਖੀ ਵਾਲੇ ਦਿਨ ਹੀ (1699 ਵਿਚ) ਗੁਰੂ ਗੋਬਿੰਦ ਸਿੰਘ ਸਾਹਿਬ ਨੇ 'ਖਾਲਸਾ ਪੰਥ' ਸਾਜਿਆ ਸੀ। ਵੈਸਾਖ ਦੀ ਤਿੰਨ ਤਰੀਕ (16 ਅਪਰੈਲ) ਨੂੰ ਦੂਜੇ ਅਤੇ ਅਠਵੇਂ ਗੁਰੂ ਸਾਹਿਬਾਨ ਦੇ ਜੋਤੀ ਜੋਤਿ ਸਮਾਵਣ ਅਤੇ ਤੀਜੇ ਅਤੇ ਨੌਵੇਂ ਸਤਿਗੁਰਾਂ ਦਾ ਗੁਰ-ਗੱਦੀ ਦਿਹਾੜਾ ਵੀ ਹੈ। ਪੰਜ ਵੈਸਾਖ (18 ਅਪਰੈਲ) ਨੂੰ ਦੂਜੇ ਅਤੇ ਨੌਵੇਂ ਪਾਤਸ਼ਾਹਾਂ ਦੇ ਪ੍ਰਕਾਸ਼ ਪੁਰਬ ਹਨ।

18 ਅਪਰੈਲ 1982 ਨੂੰ ਇੰਗਲੈਂਡ ਨੇ ਪੁਰਾਣਾ ਕਾਨੂੰਨ (**British North American Act of 1867**) ਤਬਦੀਲ ਕਰ ਕੇ ਨਵਾਂ ਸੰਵਿਧਾਨਕ ਐਕੱਟ (**New Constitutional Act**) ਬਣਾਇਆ ਸੀ। ਇਸ ਨਾਲ ਕੈਨੇਡਾ ਨੂੰ ਸਾਰੇ ਮੁੱਢਲੇ ਨਾਗਰਿਕ ਅਧਿਕਾਰ ਦਿੱਤੇ ਗਏ ਸਨ। ਅਪਰੈਲ ਨੂੰ ਕੈਨੇਡਾ ਵਿਚ ਸਿੱਖਾਂ ਦੇ ਵਿਰਾਸਤੀ ਮਹੀਨੇ ਦੇ ਤੌਰ ਉਤੇ ਮਨਾਇਆ ਜਾਂਦਾ ਹੈ। ਅਮਰੀਕਾ ਵਿਚ 14 ਅਪਰੈਲ ਸਿੱਖ ਵਿਰਾਸਤ ਦਾ ਦਿਨ ਹੈ।

ਇਸ ਸਾਲ 8 ਅਪਰੈਲ ਨੂੰ ਪੂਰਾ ਸੂਰਜੀ ਗ੍ਰਹਿਣ ਲਗੇਗਾ ਜੋ ਉਤੱਰੀ ਅਮਰੀਕਾ ਅਤੇ ਕੈਨੇਡਾ ਵਿਚ ਵੇਖਿਆ ਜਾ ਸਕੇਗਾ। ਇਸ ਬਾਰੇ ਪੁਰਾਣੇ ਵਹਿਮ ਸਿਰਫ ਅਗਿਆਨਤਾ ਤੇ ਅਧਾਰਿਤ ਹਨ। ਇਸ ਦਾ ਧਰਤੀ ਤੇ ਕੋਈ ਮਾੜਾ ਅਸਰ ਨਹੀਂ ਹੋਵੇਗਾ।

ਸੂਰਜ ਗ੍ਰਹਿਣਾਂ ਬਾਰੇ NASA ਨੇ ਹੇਠਾਂ ਦਿੱਤੇ (ਪਹਿਲੇ) ਲਿੰਕ ਵਿਚ ਸਹੀ ਵਿਗਿਆਨਕ ਜਾਣਕਾਰੀ ਦਿੱਤੀ ਹੈ। ਨਾ ਭੋਜਨ ਉਤੇ ਅਤੇ ਨਾ ਹੀ ਗਰਭਵਤੀ ਇਸਤ੍ਰੀਆਂ ਜਾਂ ਧਰਤੀ ਤੇ ਕਿਸੇ ਘਟਨਾ ਉਤੇ ਕਿਸੇ ਗ੍ਰਹਿਣ ਦਾ ਕੋਈ ਪ੍ਰਭਾਵ ਪੈਂਦਾ ਹੈ। ਸੂਰਜ ਵਲ ਕਿਸੇ ਵੀ ਸਮੇ ਸਿੱਧੇ ਨਹੀਂ ਦੇਖਣਾ ਚਾਹੀਦਾ। ਵਧੇਰੇ ਜਾਣਕਾਰੀ ਲਈ ਇਸ ਅੰਕ ਦੇ ਅਖੀਰ ਵਿਚ Appendix ਦੇਖੋ ਜੀ।

ਇਸ ਗ੍ਰਹਿਣ ਤੋਂ ਸੂਰਜ ਦੇ ਬਾਹਰਲੇ ਹਿੱਸੇ ਬਾਰੇ ਨਵੀਂ ਵਿਗਿਆਨਕ ਜਾਣਕਾਰੀ ਮਿਲੇਗੀ। ਇਸ ਕੰਮ ਲਈ Solar Orbiter (2020 ਤੋਂ) ਅਤੇ Parker Solar Probe (2018 ਤੋਂ), ਨਾਂ ਦੇ ਪੁਲਾੜੀ ਸੈਟੇਲਾਈਟ ਮਹੱਤਵਪੂਰਣ ਜਾਣਕਾਰੀ ਭੇਜ ਰਹੇ ਹਨ।

ਗ੍ਰਹਿਣਾਂ ਬਾਰੇ "ਗਲੋਬਲ ਗੁਰਮਤ ਵਿਚਾਰ ਐਰੀਜ਼ੋਨਾ ਵਿਚ ਹੋਏ ਵੈਬੀਨਾਰ ਦੀ ਵੀਡੀਓ (ਦੂਜੇ) ਲਿੰਕ ਤੇ ਦੇਖ ਸਕਦੇ ਹੋ।

https://eclipse2017.nasa.gov/eclipse misconceptions

https://1drv.ms/v/s!Ai_pw6JFNFuHioVshxs25FORc7arjg?e=ynQwRl

(ਡਾ.) ਸੁਰਜੀਤ ਸਿੰਘ ਭੱਟੀ, ਕੈਲਗਰੀ
ਮੁਖ ਸੰਪਾਦਕ, ਸਾਂਝੀ ਵਿਰਾਸਤ
**(surjitsinghbhatti@gmail.com)**

## ਪਾਠ ਅਤੇ ਵਿਆਖਿਆ ਬਾਰਹ ਮਾਹਾ ਤੁਖਾਰੀ ਛੰਤ ਮਹਲਾ 1

ੴ ਸਤਿਗੁਰ ਪ੍ਰਸਾਦਿ

ਵੈਸਾਖੁ ਭਲਾ ਸਾਖਾ ਵੇਸ ਕਰੇ ॥
ਧਨ ਦੇਖੈ ਹਰਿ ਦੁਆਰਿ ਆਵਹੁ ਦਇਆ ਕਰੇ ॥
ਘਰਿ ਆਉ ਪਿਆਰੇ ਦੁਤਰ ਤਾਰੇ ਤੁਧੁ ਬਿਨੁ ਅਢੁ ਨ ਮੋਲੋ ॥
ਕੀਮਤਿ ਕਉਣ ਕਰੇ ਤੁਧੁ ਭਾਵਾਂ ਦੇਖਿ ਦਿਖਾਵੈ ਢੋਲੋ ॥
ਦੂਰਿ ਨ ਜਾਨਾ ਅੰਤਰਿ ਮਾਨਾ ਹਰਿ ਕਾ ਮਹਲੁ ਪਛਾਨਾ ॥
ਨਾਨਕ ਵੈਸਾਖੀਂ ਪ੍ਰਭੁ ਪਾਵੈ ਸੁਰਤਿ ਸਬਦਿ ਮਨੁ ਮਾਨਾ ॥੬॥ਅੰਗ-1108॥

**ਵਿਆਖਿਆ**

ਗੁਰੂ ਨਾਨਕ ਸਾਹਿਬ ਇਸ ਸ਼ਬਦ ਵਿਚ ਮਨੁੱਖ ਨੂੰ ਆਪਣਾ ਆਦਰਸ਼ ਪ੍ਰਾਪਤ ਕਰਨ ਲਈ ਕੁਦਰਤ ਤੋਂ ਪ੍ਰੇਰਨਾ ਲੈਣ ਲਈ ਕਹਿ ਰਹੇ ਹਨ। ਵੈਸਾਖ ਵਿਚ ਕੁਦਰਤ ਨਵਾਂ ਸ਼ਿੰਗਾਰ ਕਰਦੀ ਹੈ। ਬਿਰਛ ਹਰੇ ਭਰੇ ਪੱਤਿਆ ਨਾਲ ਭਰ ਜਾਂਦੇ ਹਨ। ਲਗਦਾ ਹੈ ਜਿਵੇਂ ਪ੍ਰਭੂ ਦੇ ਮਿਲਾਪ ਦੀ ਤਿਆਰੀ ਕਰ ਰਹੇ ਹੋਣ।

ਉਨ੍ਹਾ ਨੂੰ ਵੇਖ ਕੇ ਜੀਵ ਰੂਪੀ ਇਸਤ੍ਰੀ ਵੀ ਅਰਦਾਸ ਕਰਦੀ ਹੈ: ਹੇ ਪ੍ਰਭੂ ਪ੍ਰੀਤਮ ਦਇਆ ਕਰਕੇ ਮੇਰੇ ਹਿਰਦੇ ਘਰ ਵਿਚ ਚਰਨ ਪਾਓ। ਮੈਨੂੰ ਨਾਮ ਦੀ ਦਾਤ ਬਖਸ਼ੋ। ਮੇਰਾ ਜੀਵਨ ਨਾਮ ਸਿਮਰਨ ਤੋਂ ਵਿਹੂਣਾ ਬੋਝਲ ਬਣ ਗਿਆ ਹੈ, ਇਸ ਦਾ ਪਾਰ ਉਤਾਰਾ ਕਰੋ। ਨਾਮ ਸਿਮਰਨ ਤੋਂ ਬਿਨਾ ਇਸ ਦਾ ਕੋਈ ਮੁੱਲ ਨਹੀਂ। ਪਰ ਜੇ ਪ੍ਰਮੇਸ਼ਰ ਮੇਰੇ ਹਿਰਦੇ ਵਿਚ ਆ ਵੱਸੇ ਅਤੇ ਉਸਦੀ ਸੰਗਤ ਮਿਲ ਜਾਵੇ ਤਾਂ ਮੇਰਾ ਜੀਵਨ ਅਮੁੱਲਾ ਹੋ ਜਾਵਗੇ।

ਗੁਰੂ ਦੇ ਉਪਦੇਸ਼ ਦੁਆਰਾ ਮੈਨੂੰ ਇਹ ਸਮਝ ਪੈ ਗਈ ਹੈ ਕਿ ਪ੍ਰਭੂ ਮਿਲਾਪ ਲਈ ਕਿਧਰੇ ਦੂਰ ਬਾਹਰ ਜਾਣ ਦੀ ਲੋੜ ਨਹੀਂ, ਉਸ ਦਾ ਨਿਵਾਸ ਤਾਂ ਮੇਰੇ ਹਿਰਦੇ ਰੂਪੀ ਮਹਿਲ ਵਿਚ ਹੀ ਹੈ। ਉਸ ਪ੍ਰਭੂ ਨੂੰ ਵੈਸਾਖ ਮਹੀਨੇ ਰੂਪੀ ਜੀਵਨ ਵਿਚ ਆਪਣੀ ਸੁਰਤਿ ਨੂੰ ਸ਼ਬਦ ਨਾਲ ਜੋੜਨ ਨਾਲ ਪਾਇਆ ਜਾ ਸਕਦਾ ਹੈ।



ਪ੍ਰੋਫ਼ੈਸਰ
ਮਨਿੰਦਰ ਸਿੰਘ
ਐਡਮਿੰਟਨ (ਕੈਨੇਡਾ

ਗੁਰੂ ਨਾਨਕ ਸਾਹਿਬ ਦਵਾਰਾ ਰਚਿਤ
ਬਾਰਹ ਮਾਹਾ ਤੁਖਾਰੀ ਛੰਤ ਵਿੱਚੋਂ ਵੈਸਾਖ ਮਹੀਨੇ ਦਾ ਪਾਠ

ਤੁਖਾਰੀ ਛੰਤ ਮਹਲਾ ੧ ਬਾਰਹ ਮਾਹਾ

ੴ ਸਤਿਗੁਰ ਪ੍ਰਸਾਦਿ॥

ਵੈਸਾਖੁ ਭਲਾ ਸਾਖਾ ਵੇਸ ਕਰੇ ॥
ਧਨ ਦੇਖੈ ਹਰਿ ਦੁਆਰਿ ਆਵਹੁ ਦਇਆ ਕਰੇ ॥
ਘਰਿ ਆਉ ਪਿਆਰੇ ਦੁਤਰ ਤਾਰੇ ਤੁਧੁ ਬਿਨੁ ਅਢੁ ਨ ਮੋਲੋ ॥
ਕੀਮਤਿ ਕਉਣ ਕਰੇ ਤੁਧੁ ਭਾਵਾਂ ਦੇਖਿ ਦਿਖਾਵੈ ਢੋਲੋ ॥
ਦੂਰਿ ਨ ਜਾਨਾ ਅੰਤਰਿ ਮਾਨਾ ਹਰਿ ਕਾ ਮਹਲੁ ਪਛਾਨਾ ॥
ਨਾਨਕ ਵੈਸਾਖੀਂ ਪ੍ਰਭੁ ਪਾਵੈ ਸੁਰਤਿ ਸਬਦਿ ਮਨੁ ਮਾਨਾ ॥੬॥

***

ਭਾਵ ਅਰਥ

ਇੰਜੀਨੀਅਰ ਸਰਦਾਰ ਕਰਮਜੀਤ ਸਿੰਘ ਨੂਰ

ਬਾਰਹ ਮਾਹਾ ਤੁਖਾਰੀ ਵਿੱਚ ਗੁਰੂ ਨਾਨਕ ਦੇਵ ਜੀ ਵੈਸਾਖ ਮਹੀਨੇ ਨੂੰ ਆਧਾਰ ਬਣਾ ਕੇ ਉਪਦੇਸ਼ ਬਖਸ਼ਿਸ਼ ਕਰ ਰਹੇ ਹਨ ਕਿ ਵੈਸਾਖ ਦੇ ਮਹੀਨੇ ਵਿੱਚ ਕੁਦਰਤ ਇਸ ਤਰਾਂ ਆਪਣਾ ਰੰਗ ਰੂਪ ਸ਼ਿੰਗਾਰਦੀ ਹੈ, ਦਰਖਤਾਂ ਦੀਆਂ ਟਾਹਣੀਆਂ ਤੇ ਨਵੇਂ ਪੱਤੇ ਫੁੱਟਦੇ ਹਨ, ਹਰ ਪਾਸੇ ਹਰਿਆਵਲ ਹੀ ਹਰਿਆਵਲ ਨਜ਼ਰ ਆਉਂਦੀ ਹੈ, ਜਿਸ ਤਰ੍ਹਾਂ ਕੋਈ ਸੱਜ ਵਿਆਹੀ ਦੁਲਹਨ ਨਵੇਂ ਕੱਪੜੇ ਬਦਲ ਕੇ ਸੱਜਦੀ ਹੈ। ਇਸੇ ਤਰ੍ਹਾਂ ਇੱਕ ਜੀਵ ਇਸਤਰੀ ਆਪਣੇ ਪ੍ਰਭੂ ਪਤੀ ਨੂੰ ਮਿਲਣ ਦੀ ਤਾਂਘ ਲੈ ਕੇ ਅਰਜੋਈ ਕਰਦੀ ਹੈ ਕਿ ਗੁਰੂ ਜੋ ਮੈਨੂੰ ਪ੍ਰਭੂ ਪਤੀ ਨਾਲ ਮਿਲਾ ਦੇਵੇ। ਗੁਰੂ ਨਾਨਕ ਦੇਵ ਜੀ ਫੁਰਮਾਨ ਕਰਦੇ ਹਨ ਕਿ ਵੈਸਾਖ ਦੀ ਇਸ ਪਿਆਰੀ ਰੁੱਤ ਵਿੱਚ ਉਸ ਜੀਵ ਇਸਤਰੀ ਦਾ ਪ੍ਰਭੂ ਪਤੀ ਨਾਲ ਮਿਲਾਪ ਹੋ ਜਾਂਦਾ ਹੈ, ਜਿਸ ਦੀ ਸੁਰਤ ਸ਼ਬਦ ਵਿੱਚ ਲੀਨ ਹੋ ਜਾਵੇ ਅਤੇ ਜਿਸ ਦਾ ਮਨ ਇਹ ਮੰਨ ਲਵੇ ਕਿ ਪ੍ਰਭੂ ਪਤੀ ਉਸਦੇ ਅੰਦਰ ਹੀ ਹੈ, ਕਿਤੇ ਦੂਰ ਨਹੀਂ ਹੈ।

### ਵੈਸਾਖ ਮਹੀਨੇ ਦੇ ਪਾਠ ਦੀ
### ਕਾਵਿਕ ਵਿਆਖਿਆ
### ਇੰਜੀਨੀਅਰ ਸਰਦਾਰ ਕਰਮਜੀਤ ਸਿੰਘ ਨੂਰ, ਜਲੰਧਰ

ਕਿੰਨੀ ਸੋਹਣੀ ਰੁੱਤ ਹੈ ਮਹੀਨਾ ਇਹ ਵਿਸਾਖ ਦਾ।
ਰੰਗ ਰੂਪ ਖਿੜਦਾ ਹੈ ਇੱਕ ਇੱਕ ਸ਼ਾਖ ਦਾ।
ਕੁਦਰਤ ਰਾਣੀ ਰੂਪ ਆਪਣਾ ਨਿਖਾਰਦੀ।
ਸੱਜ ਵਿਆਹੀ ਜਿਵੇਂ ਤਨ ਨੂੰ ਸ਼ਿੰਗਾਰਦੀ।

ਜਿਵੇਂ ਕੋਈ ਤੀਵੀ ਰਾਹ ਪਤੀ ਦਾ ਨਿਹਾਰਦੀ।
ਜੀਵ ਇਸਤਰੀ ਹੈ ਪ੍ਰਭੂ ਪਤੀ ਨੂੰ ਪੁਕਾਰਦੀ।
ਘਰ ਆ ਜਾ ਪਿਆਰੇ ਮੈਨੂੰ ਆਣ ਕੇ ਦੀਦਾਰ ਦੇਹ।
ਬਿਖਮ ਸੰਸਾਰ ਭਵ ਸਾਗਰ ਤੋਂ ਤਾਰ ਦੇਹ।

ਤੇਰੇ ਤੋਂ ਬਗੈਰ ਮੇਰਾ ਅੱਧੀ ਕੌਡੀ ਮੁੱਲ ਨਹੀਂ।
ਭਾਅ ਜਾਵਾਂ ਤੈਨੂੰ, ਕੋਈ ਮੁੱਲ ਉਹਦੇ ਤੁੱਲ ਨਹੀਂ।
ਕਰੇ ਜੋ ਦੀਦਾਰ ਉਹਦਾ, ਮੈਨੂੰ ਵੀ ਕਰਾ ਦਵੇ।
ਮੇਰੀ ਵੀ ਬੇਕਦਰੀ ਦੀ ਕਦਰ ਪੁਆ ਦਵੇ।

ਫੇਰ ਤਾਂ ਮੈਂ ਉਸ ਦੇ ਟਿਕਾਣੇ ਨੂੰ ਪਛਾਣ ਲਾ।ਦੂਰ ਨਹੀਂ, ਅੰਦਰ ਹੈ, ਮੰਨ ਲਾ ਤੇ ਜਾਣ ਲਾਂ।

ਜੀਵ ਇਸਤਰੀ ਜੋ ਕੰਤ ਪਤੀ ਨੂੰ ਰਿਝਾ ਲਵੇ।
ਉਹਦੇ ਸ਼ਬਦ ਵਿੱਚ ਜਿਹੜੀ ਸੁਰਤ ਨੂੰ ਟਿਕਾ ਲਵੇ ।
ਸੁਰਤ ਨੂੰ ਟਿਕਾ ਲਵੇ ਤੇ ਮਨ ਨੂੰ ਮਨਾ ਲਵੇ।
ਨਾਨਕ ਵੈਸਾਖ 'ਚ ਉਹ ਪ੍ਰਭੂ ਤਾਂਈਂ ਪਾ ਲਵੇ।



# ਵਿਸਾਖੀ (14 ਅਪਰੈਲ)
# ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਅਤੇ ਖਾਲਸਾ ਸਿਰਜਨਾ ਦਿਵਸ

ਡਾ. ਰਾਜਬੀਰ ਸਿੰਘ ਭੱਟੀ, ਕੈਲਗਰੀ (ਕੈਨੇਡਾ)

ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਪੁਰਬ ਹੁਣ ਤੱਕ ਬਿਕਰਮੀ ਸੰਮਤ ਅਨੁਸਾਰ ਕੱਤਕ ਦੀ ਪੂਰਨਮਾਸ਼ੀ ਦੇ ਦਿਨ 'ਤੇ ਮਨਾਇਆ ਜਾਂਦਾ ਰਿਹਾ ਹੈ। ਅਸਲ ਵਿਚ ਇਹ 1-ਵੈਸਾਖ (ਵਿਸਾਖੀ) ਨੂੰ ਮਨਾਇਆ ਜਾਣਾ ਚਾਹੀਦਾ ਹੈ। ਭਾਈ ਗੁਰਦਾਸ ਜੀ (ਪਉੜੀ 27 ਵਿਚ) ਲਿਖਦੇ ਹਨ:

"ਸਤਿਗੁਰ ਨਾਨਕ ਪਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ"॥ … "ਘਰ ਘਰ ਅੰਦਰ ਧਰਮਸਾਲ ਹੋਵੈ ਕੀਰਤਨ ਸਦਾ ਵਿਸੋਆ"॥

'ਵਸੋਆ' ਵੈਸਾਖ ਮਹੀਨੇ ਦਾ ਪਹਿਲਾ ਦਿਨ ਹੈ। ਸ਼ੀਹਨ ਉਪਲ ਦੁਆਰਾ ਰਚਿਤ "ਸਾਖੀ ਮੱਹਲੇ ਪਹਿਲੇ ਕੀ" (1570) ਅਤੇ ਭਾਈ ਬੂਲਾ ਪਾਂਧੇ ਦੁਆਰਾ ਲਿਖੀ "ਜਨਮ ਪੱਤਰੀ ਬਾਬੇ ਕੀ" (1597) ਤੋਂ ਵੀ ਇਸ ਦੀ ਹੀ ਪੁਸ਼ਟੀ ਹੁੰਦੀ ਹੈ। ਛੇ ਵਿੱਚੋਂ ਪੰਜ ਜਨਮ ਸਾਖੀਆਂ ਦੱਸਦੀਆਂ ਹਨ ਕਿ ਗੁਰੂ ਨਾਨਕ ਸਾਹਿਬ ਦਾ ਜਨਮ 1-ਵੈਸਾਖ ਨੂੰ ਹੋਇਆ ਸੀ। ਬਾਲੇ ਵਾਲੀ ਜਨਮ ਸਾਖੀ ਹੀ ਕਹਿੰਦੀ ਹੈ ਕਿ ਉਨ੍ਹਾਂ ਦਾ ਜਨਮ ਕੱਤਕ ਵਿੱਚ ਹੋਇਆ ਸੀ, ਜੋ ਵਿਸ਼ਵਾਸ਼ਯੋਗ ਨਹੀਂ ਹੈ।

ਬਿਕਰਮੀ ਸੰਮਤ ਵਿੱਚ ਤਿਉਹਾਰਾਂ ਦੀਆਂ ਤਰੀਕਾਂ ਲਈ ਨਿਯਮ ਬੜੇ ਗੁੰਝਲਦਾਰ ਹਨ। ਇਸ ਵਿਚ ਤਿਥੀਆਂ, ਵਦੀਆਂ, ਸੁਦੀਆਂ, ਗ੍ਰਿਹਾਂ, ਨਛੱਤਰਾਂ, ਮੱਸਿਆ, ਸੰਗਰਾਂਦਾਂ, ਤਾਰਿਆਂ ਆਦਿ ਅਨੁਸਾਰ ਕਈ "ਪੰਚਾਂਗਾਂ" ਦੀ ਵਰਤੋਂ ਕੀਤੀ ਜਾਂਦੀ ਹੈ। ਪਰ ਇਹ ਸਾਰੇ ਪੰਚਾਂਗ ਆਪਸ ਵਿਚ ਵੀ ਮੇਲ ਨਹੀਂ ਖਾਦੇ।

ਪੁਰਾਤਨ ਸਮਿਆਂ ਤੋਂ ਸਿੱਖ ਆਪਣੇ ਗੁਰਪੁਰਬ ਅਤੇ ਹੋਰ ਇਤਿਹਾਸਕ ਦਿਨ ਨਿਰਧਾਰਿਤ ਕਰਨ ਲਈ ਸੁਤੰਤਰ ਨਹੀਂ ਸਨ। ਬਾਬਾ ਬੰਦਾ ਸਿੰਘ ਬਹਾਦਰ ਤੋਂ ਬਾਅਦ, 18-ਵੀਂ ਸਦੀ ਵਿੱਚ ਨਿਰਮਲਿਆਂ ਦਾ ਗੁਰਦੁਆਰਿਆਂ ਉਤੇ ਕੰਟਰੋਲ ਰਿਹਾ ਜਿਸ ਨੇ ਸਿੱਖ ਮਾਨਸਿਕਤਾ ਨੂੰ ਪ੍ਰਭਾਵਿਤ ਕੀਤਾ। ਉਹਨਾਂ ਨੇ ਹੀ ਸਿੱਖ ਇਤਿਹਾਸ ਲਿਖਿਆ ਜਿਸ ਵਿਚ ਬਿਕਰਮੀ ਕੈਲੰਡਰ ਦੀ ਵਰਤੋਂ ਕੀਤੀ। ਨਤੀਜਾ ਇਹ ਹੋਇਆ ਕਿ ਕਈ ਗੁਰਪੁਰਬ ਜਾਂ ਤਾਂ ਸਾਲ ਵਿੱਚ ਦੋ ਵਾਰ ਆਉਂਦੇ ਸਨ ਜਾਂ ਕਈ ਵਾਰ ਸਾਲ ਵਿੱਚ ਇੱਕ ਵਾਰ ਵੀ ਨਹੀਂ ਆਉਂਦੇ ਸਨ।

ਕਈ ਇਤਿਹਾਸਕਾਰਾਂ ਨੇ ਸਥਾਪਿਤ ਕੀਤਾ ਹੈ ਕਿ ਗੁਰੂ ਨਾਨਕ ਸਾਹਿਬ ਦਾ ਜਨਮ ਵੈਸਾਖ ਵਿੱਚ ਹੀ ਹੋਇਆ ਸੀ। ਇਨ੍ਹਾਂ ਵਿੱਚ ਇਤਿਹਾਸਕਾਰ ਸਰਦਾਰ ਕਰਮ ਸਿੰਘ, ਮਹਾਨ ਕੋਸ਼ ਦੇ ਲੇਖਕ ਭਾਈ ਕਾਨ੍ਹ ਸਿੰਘ ਨਾਭਾ, ਡਾ. ਗੰਡਾ ਸਿੰਘ, ਪ੍ਰਿੰਸੀਪਲ ਸਤਬੀਰ ਸਿੰਘ, ਪ੍ਰੋਫ਼ੈਸਰ ਸਾਹਿਬ ਸਿੰਘ, ਡਾ. ਹਰੀ ਰਾਮ ਗੁਪਤਾ ਅਤੇ ਮੈਕਸ ਆਰਥਰ ਮੈਕਾਲਿਫ਼ ਸ਼ਾਮਲ ਹਨ।

ਕੈਨੇਡਾ ਦੇ (ਐਡਮਿੰਟਨ ਨਿਵਾਸੀ) ਵਿਦਵਾਨ ਸਰਦਾਰ ਪਾਲ ਸਿੰਘ ਪੁਰੇਵਾਲ (1932-2022) ਨੇ ਕਈ ਸਾਲਾਂ ਦੀ ਮਿਹਨਤ ਤੋਂ ਬਾਅਦ 1998 ਵਿਚ 'ਮੂਲ ਨਾਨਕਸ਼ਾਹੀ' ਸੂਰਜੀ ਕੈਲੰਡਰ ਬਣਾਇਆ ਸੀ। ਵਿਗਿਆਨਕ ਤੌਰ 'ਤੇ ਉਨ੍ਹਾਂ ਨੇ ਵੀ ਗੁਰੂ ਨਾਨਕ ਸਾਹਿਬ ਦੀ ਸਹੀ ਜਨਮ ਤਰੀਕ 1-ਵੈਸਾਖ 1469 ਨੂੰ ਦੱਸੀ ਸੀ।

ਗੁਰੂ ਨਾਨਕ ਸਾਹਿਬ ਅਤੇ ਗੁਰੂ ਅਰਜਨ ਸਾਹਿਬ ਦਵਾਰਾ ਲਿਖੀਆਂ ਬਾਰਹ ਮਾਹਾਂ ਵਿਚ ਮਹੀਨਿਆਂ ਦਾ ਸੰਬੰਧ ਰੁੱਤਾਂ ਨਾਲ ਦੱਸਿਆ ਗਿਆ ਹੈ, ਜੋ ਧਰਤੀ ਦੇ ਸੂਰਜ ਦੁਆਲੇ ਚੱਕਰ ਤੋਂ ਬਣਦੀਆਂ ਹਨ। ਸੂਰਜੀ ਸਾਲ ਵਿਚ 365.2425 ਦਿਨ ਅਤੇ 12 ਮਹੀਨੇ ਹੁੰਦੇ ਹਨ ਜਿਨ੍ਹਾਂ ਮੁਤਾਬਕ ਰੁੱਤਾਂ ਬਣੀਆਂ ਹਨ। ਇਹ (Gregorian) ਕੈਲੰਡਰ ਸਾਰੀ ਦੁਨੀਆਂ ਵਿਚ ਵਰਤਿਆ ਜਾਂਦਾ ਹੈ। ਇਸ ਨੂੰ Christian Era ਜਾਂ Common Era (CE) ਵੀ ਕਿਹਾ ਜਾਂਦਾ ਹੈ। ਸਰਦਾਰ ਪਾਲ ਸਿੰਘ ਪੁਰੇਵਾਲ ਨੇ ਖੋਜ ਕਰ ਕੇ ਇਸ ਸੂਰਜੀ ਸਾਲ ਦੀ ਲੰਬਾਈ ਅਤੇ (CE) ਕੈਲੰਡਰ ਵਿਚ ਸੁਧਾਰ ਕੀਤਾ। ਬਿਕਰਮੀ ਸਾਲ ਦੇ ਹਰ ਮਹੀਨੇ ਵਿਚ 29.5 ਦਿਨ ਲਏ ਜਾਂਦੇ ਹਨ ਕਿਉਂਕਿ ਇਸ ਸਮੇ ਵਿਚ ਚੰਦਰਮਾ ਧਰਤੀ ਦੁਆਲੇ ਇੱਕ ਚੱਕਰ ਲਗਾਉਂਦਾ ਹੈ। ਇਸ ਤਰ੍ਹਾਂ ਇੱਕ ਬਿਕਰਮੀ ਸਾਲ ਵਿਚ 354 ਦਿਨ ਹੋਣ ਨਾਲ ਗੁਰਪੁਰਬਾਂ ਦੀਆਂ ਤਰੀਕਾਂ ਹਰ ਸਾਲ ਹੀ ਬਦਲ ਜਾਂਦੀਆਂ ਹਨ।

ਬਿਕਰਮੀ ਕੈਲੰਡਰ ਨੂੰ ਜੇ ਵੱਖ ਨਾ ਕੀਤਾ ਗਿਆ ਤਾਂ ਰੁੱਤਾਂ 'ਬਾਰਹ ਮਾਹ' ਦੇ ਉਲਟ ਹੋਣਗੀਆਂ। ਇਹ ਸੋਧ 1930 ਵਿਚ ਕੀਤੀ ਜਾਣੀ ਚਾਹੀਦੀ ਸੀ ਜਦੋਂ ਇਤਿਹਾਸਕਾਰ ਸਰਦਾਰ ਕਰਮ ਸਿੰਘ ਨੇ ਕਿਹਾ ਸੀ ਕਿ ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਦਿਹਾੜਾ ਅਤੇ ਖਾਲਸਾ ਸਿਰਜਣਾ ਦਿਵਸ ਵਿਸਾਖੀ ਵਾਲੇ ਦਿਨ (14 ਅਪਰੈਲ ਨੂੰ) ਹੀ ਮਨਾਉਣੇ ਚਾਹੀਦੇ ਹਨ। ਮੂਲ ਨਾਨਕਸ਼ਾਹੀ ਵਰ੍ਹਾ 1-ਚੇਤ (14 ਮਾਰਚ) ਨੂੰ ਸ਼ੁਰੂ ਹੋ ਕੇ ਫੱਗਣ ਦੇ ਅਖੀਰ (28 ਜਾਂ 29 ਫਰਵਰੀ) ਤਕ ਬਿਨਾ ਕਿਸੇ ਬਦਲਾਅ ਦੇ ਚਲਦਾ ਹੈ। ਇਸ ਕਰ ਕੇ ਸਾਰੇ ਗੁਰਪੁਰਬਾਂ ਦੀਆਂ ਨਾਨਕਸ਼ਾਹੀ ਅਤੇ ਅੰਗਰੇਜ਼ੀ ਤਰੀਕਾਂ ਹਰ ਸਾਲ ਇੱਕੋ ਹੀ ਰਹਿਣਗੀਆਂ। ਵਿਦਵਾਨਾਂ ਨੇ ਬਿਕ੍ਰਮੀ ਕੈਲੰਡਰ ਤੋਂ ਮਿਲਦੀ ਜਾਣਕਾਰੀ ਨੂੰ ਰੱਦ ਕਰ ਦਿੱਤਾ ਸੀ।

ਸਾਡੇ ਲਈ ਗੁਰਬਾਣੀ ਹੀ ਗਿਆਨ ਦਾ ਸੋਮਾਂ ਹੈ ਅਤੇ ਵਿਸਾਖੀ ਦੋ ਵੱਡੇ ਪੁਰਬਾਂ ਦਾ ਸੁਮੇਲ ਹੈ। ਇਹ ਦੋ ਇਤਿਹਾਸਕ ਪੁਰਬ ਹਨ :

1. ਗੁਰੂ ਨਾਨਕ ਸਾਹਿਬ ਦਾ 1469 ਵਿਚ ਪ੍ਰਕਾਸ਼
2. ਗੁਰੂ ਗੋਬਿੰਦ ਸਿੰਘ ਵਲੋਂ 1699 ਵਿਚ ਖਾਲਸਾ ਸਿਰਜਣਾ

ਦੁਨੀਆਂ ਦੇ ਬਹੁਤ ਸਾਰੇ ਗੁਰਦੁਆਰੇ ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਪੁਰਬ ਅਤੇ ਖਾਲਸੇ ਦੀ ਸਥਾਪਨਾ ਨੂੰ ਵਿਸਾਖੀ ਵਾਲੇ ਦਿਨ (14 ਅਪਰੈਲ) ਨੂੰ ਹੀ ਮਨਾ ਰਹੇ ਹਨ। ਇਨ੍ਹਾਂ ਵਿੱਚ ਕੈਨੇਡਾ, ਜਰਮਨੀ, ਅਮਰੀਕਾ, (ਭਾਰਤ ਵਿੱਚ) ਚੰਡੀਗੜ੍ਹ, ਮਲੇਸ਼ੀਆ ਅਤੇ ਪਾਕਿਸਤਾਨ ਅਤੇ ਕੁਝ ਹੋਰ ਦੇਸ ਸ਼ਾਮਲ ਹਨ।

ਸਾਰੇ ਸਿੱਖਾਂ ਨੂੰ ਰਲ ਕੇ ਇੱਕੋ ਦਿਨ ਗੁਰਪੁਰਬਾਂ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ। ਇਹ ਵਿਚਾਰ ਹੋਰ ਸਭ ਥਾਵਾਂ ਤੇ ਤੇਜ਼ੀ ਨਾਲ ਫੇਲਾਣਾ ਸਾਡਾ ਫਰਜ਼ ਹੈ। ਆਉ ਅਸੀਂ ਬਿਨਾਂ ਕਿਸੇ ਸਮਝੌਤਾ ਕੀਤੇ ਮੂਲ ਨਾਨਕਸ਼ਾਹੀ ਵਿਗਿਆਨਕ ਕੈਲੰਡਰ ਨੂੰ ਵਾਪਸ ਲਿਆਈਏ ਅਤੇ ਸਾਰੇ ਸਿੱਖ ਧਾਰਮਿਕ ਸਮਾਗਮਾਂ ਨੂੰ ਹਰ ਸਾਲ ਇੱਕੋ ਨਿਸਚਿਤ ਤਰੀਕ ਤੇ ਠੀਕ ਢੰਗ ਨਾਲ ਅਤੇ ਗੁਰਬਾਣੀ ਦੀ ਸਿੱਖਿਆ ਅਨੁਸਾਰ ਹੀ ਮਨਾਈਏ।

**Lectue by Dr Kala Singh on some aspects of Visakhi**
**https://www.youtube.com/live/ikzf9dTa82M?feature=share**

## GLOBAL SIKH COUNCIL

Voice of the Sikhs Worldwide

www.globalsikhcouncil.org | info@globalsikhcouncil.org

### • ਸਦਾ ਸਥਿਰ ਮੂਲ ਨਾਨਕਸ਼ਾਹੀ ਕੈਲੰਡਰ •

| ਗੁਰੂ ਸਾਹਿਬਾਨ | ਪ੍ਰਕਾਸ਼ | ਗੁਰਿਆਈ | ਜੋਤੀ ਜੋਤ |
|---|---|---|---|
| ਗੁਰੂ ਨਾਨਕ ਸਾਹਿਬ ਜੀ | ੧ ਵੈਸਾਖ<br>14 ਅਪ੍ਰੈਲ | ਪ੍ਰਕਾਸ਼ ਤੋਂ | ੮ ਅੱਸੂ<br>22 ਸਤੰਬਰ |
| ਗੁਰੂ ਅੰਗਦ ਸਾਹਿਬ ਜੀ | ੫ ਵੈਸਾਖ<br>18 ਅਪ੍ਰੈਲ | ੪ ਅੱਸੂ<br>18 ਸਤੰਬਰ | ੩ ਵੈਸਾਖ<br>16 ਅਪ੍ਰੈਲ |
| ਗੁਰੂ ਅਮਰ ਦਾਸ ਜੀ | ੯ ਜੇਠ<br>23 ਮਈ | ੩ ਵੈਸਾਖ<br>16 ਅਪ੍ਰੈਲ | ੨ ਅੱਸੂ<br>16 ਸਤੰਬਰ |
| ਗੁਰੂ ਰਾਮ ਦਾਸ ਜੀ | ੨੫ ਅੱਸੂ<br>9 ਅਕਤੂਬਰ | ੨ ਅੱਸੂ<br>16 ਸਤੰਬਰ | ੨ ਅੱਸੂ<br>16 ਸਤੰਬਰ |
| ਗੁਰੂ ਅਰਜਨ ਸਾਹਿਬ ਜੀ | ੧੯ ਵੈਸਾਖ<br>2 ਮਈ | ੨ ਅੱਸੂ<br>16 ਸਤੰਬਰ | ੨ ਹਾੜ<br>16 ਜੂਨ |
| ਗੁਰੂ ਹਰਿਗੋਬਿੰਦ ਜੀ | ੨੧ ਹਾੜ<br>5 ਜੁਲਾਈ | ੨੮ ਜੇਠ<br>11 ਜੂਨ | ੬ ਚੇਤ<br>19 ਮਾਰਚ |
| ਗੁਰੂ ਹਰਿਰਾਇ ਜੀ | ੧੯ ਮਾਘ<br>31 ਜਨਵਰੀ | ੧ ਚੇਤ<br>14 ਮਾਰਚ | ੬ ਕੱਤਕ<br>20 ਅਕਤੂਬਰ |
| ਗੁਰੂ ਹਰਿਕ੍ਰਿਸ਼ਨ ਜੀ | ੮ ਸਾਵਣ<br>23 ਜੁਲਾਈ | ੬ ਕੱਤਕ<br>20 ਅਕਤੂਬਰ | ੩ ਵੈਸਾਖ<br>16 ਅਪ੍ਰੈਲ |
| ਗੁਰੂ ਤੇਗ ਬਹਾਦਰ ਜੀ | ੫ ਵੈਸਾਖ<br>18 ਅਪ੍ਰੈਲ | ੩ ਵੈਸਾਖ<br>16 ਅਪ੍ਰੈਲ | ੧੧ ਮੱਘਰ<br>24 ਨਵੰਬਰ |
| ਗੁਰੂ ਗੋਬਿੰਦ ਸਿੰਘ ਜੀ | ੨੩ ਪੋਹ<br>5 ਜਨਵਰੀ | ੧੧ ਮੱਘਰ<br>24 ਨਵੰਬਰ | ੭ ਕੱਤਕ<br>21 ਅਕਤੂਬਰ |
| ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | ਸੰਪੂਰਨਤਾ ਦਿਵਸ<br>੧੫ ਭਾਦੋਂ/<br>30 ਅਗਸਤ | ਪਹਿਲਾ ਪ੍ਰਕਾਸ਼<br>੧੭ ਭਾਦੋਂ/<br>1 ਸਤੰਬਰ | ਗੁਰਿਆਈ<br>੬ ਕੱਤਕ/<br>20 ਅਕਤੂਬਰ |

www.globalsikhcouncil.org www.globalsikhcouncil.org www.globalsikhcouncil.org www.globalsikhcouncil.org

Link

https://bit.ly/m/moolnanakshahi

# GLOBAL SIKH COUNCIL

**Voice of the Sikhs Worldwide**

www.globalsikhcouncil.org | info@globalsikhcouncil.org

ਮੂਲ ਨਾਨਕਸ਼ਾਹੀ
ਸੰਮਤ ੫੫੫
(2023-24)

## ਸਦਾ ਸਥਿਰ ਮੂਲ ਨਾਨਕਸ਼ਾਹੀ ਕੈਲੰਡਰ

ਮੂਲ ਨਾਨਕਸ਼ਾਹੀ
ਸੰਮਤ ੫੫੫
(2023-24)

| | | |
|---|---|---|
| **ਚੇਤ ਮਹੀਨਾ ਸ਼ੁਰੂ** | **01 ਚੇਤ** | **14 ਮਾਰਚ** |
| ਹੋਲਾ ਮਹੱਲਾ | 01 ਚੇਤ | 14 ਮਾਰਚ |
| ਨਵਾਂ ਸਾਲ ਸ਼ੁਰੂ ਸੰਮਤ ਨਾਨਕਸ਼ਾਹੀ | 01 ਚੇਤ | 14 ਮਾਰਚ |
| ਗੁਰਗੱਦੀ ਸ਼੍ਰੀ ਗੁਰੂ ਹਰਿ ਰਾਇ ਸਾਹਿਬ ਜੀ | 01 ਚੇਤ | 14 ਮਾਰਚ |
| ਸ: ਬਘੇਲ ਸਿੰਘ ਵੱਲੋਂ ਦਿੱਲੀ ਫਤਹਿ | 02 ਚੇਤ | 15 ਮਾਰਚ |
| ਜੋਤੀ-ਜੋਤ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | 06 ਚੇਤ | 19 ਮਾਰਚ |
| ਸ਼ਹੀਦੀ ਸ: ਭਗਤ ਸਿੰਘ | 10 ਚੇਤ | 23 ਮਾਰਚ |
| ਸ਼ਹੀਦੀ ਭਾਈ ਸੁਬੇਗ ਸਿੰਘ, ਸ਼ਾਹਬਾਜ਼ ਸਿੰਘ | 12 ਚੇਤ | 25 ਮਾਰਚ |
| ਜਨਮ ਸਾਹਿਬਜ਼ਾਦਾ ਜੁਝਾਰ ਸਿੰਘ | 27 ਚੇਤ | 9 ਅਪ੍ਰੈਲ |
| ਸਿੱਖ ਦਸਤਾਰ ਦਿਵਸ | 31 ਚੇਤ | 13 ਅਪ੍ਰੈਲ |
| **ਵੈਸਾਖ ਮਹੀਨਾ ਸ਼ੁਰੂ** | **01 ਵੈਸਾਖ** | **14 ਅਪ੍ਰੈਲ** |
| ਪ੍ਰਕਾਸ਼ ਸ਼੍ਰੀ ਗੁਰੂ ਨਾਨਕ ਸਾਹਿਬ ਜੀ | 01 ਵੈਸਾਖ | 14 ਅਪ੍ਰੈਲ |
| ਖ਼ਾਲਸਾ ਸਾਜਨਾ ਦਿਵਸ (ਵੈਸਾਖੀ) | 01 ਵੈਸਾਖ | 14 ਅਪ੍ਰੈਲ |
| ਗੁਰਗੱਦੀ ਪਾਤਸ਼ਾਹੀ 3 ਅਤੇ 9 | 03 ਵੈਸਾਖ | 16 ਅਪ੍ਰੈਲ |
| ਜੋਤੀ-ਜੋਤ ਪਾਤਸ਼ਾਹੀ 2 ਅਤੇ 8 | 03 ਵੈਸਾਖ | 16 ਅਪ੍ਰੈਲ |
| ਪ੍ਰਕਾਸ਼ ਪਾਤਸ਼ਾਹੀ 2 ਅਤੇ 9 | 05 ਵੈਸਾਖ | 18 ਅਪ੍ਰੈਲ |
| ਪ੍ਰਕਾਸ਼ ਦਿਹਾੜਾ ਭਗਤ ਧੰਨਾ ਜੀ | 08 ਵੈਸਾਖ | 21 ਅਪ੍ਰੈਲ |
| ਜਨਮ ਦਿਨ ਭਗਤ ਫ਼ਰੀਦ ਜੀ | 13 ਵੈਸਾਖ | 26 ਅਪ੍ਰੈਲ |
| ਪ੍ਰਕਾਸ਼ ਸ਼੍ਰੀ ਗੁਰੂ ਅਰਜਨ ਸਾਹਿਬ ਜੀ | 19 ਵੈਸਾਖ | 02 ਮਈ |
| ਸ਼ਹੀਦੀ ਚਾਲੀ ਮੁਕਤੇ (ਮੁਕਤਸਰ ਸਾਹਿਬ) | 21 ਵੈਸਾਖ | 04 ਮਈ |
| **ਜੇਠ ਮਹੀਨਾ ਸ਼ੁਰੂ** | **01 ਜੇਠ** | **15 ਮਈ** |
| ਛੋਟਾ ਘਲੂਘਾਰਾ | 03 ਜੇਠ | 17 ਮਈ |
| ਪ੍ਰਕਾਸ਼ ਸ਼੍ਰੀ ਗੁਰੂ ਅਮਰਦਾਸ ਜੀ | 09 ਜੇਠ | 23 ਮਈ |
| ਵਿਸ਼ਵ ਤੰਬਾਕੂ ਵਿਰੋਧੀ ਦਿਵਸ | 17 ਜੇਠ | 31 ਮਈ |
| ਸ਼੍ਰੀ ਅਕਾਲ ਤਖ਼ਤ ਸਾਹਿਬ 'ਤੇ ਹਮਲਾ (1984) | 21 ਜੇਠ | 04 ਜੂਨ |
| ਗੁਰਗੱਦੀ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | 28 ਜੇਠ | 11 ਜੂਨ |
| **ਹਾੜ ਮਹੀਨਾ ਸ਼ੁਰੂ** | **01 ਹਾੜ** | **15 ਜੂਨ** |
| ਸ਼ਹੀਦੀ ਦਿਵਸ ਸ਼੍ਰੀ ਗੁਰੂ ਅਰਜਨ ਸਾਹਿਬ ਜੀ | 02 ਹਾੜ | 16 ਜੂਨ |
| ਜਨਮ ਦਿਨ ਭਗਤ ਕਬੀਰ ਜੀ | 4 ਹਾੜ | 18 ਜੂਨ |
| ਸ਼ਹੀਦੀ ਬਾਬਾ ਬੰਦਾ ਸਿੰਘ ਬਹਾਦਰ ਜੀ | 11 ਹਾੜ | 25 ਜੂਨ |
| ਬਰਸੀ ਮਹਾਰਾਜਾ ਰਣਜੀਤ ਸਿੰਘ ਜੀ | 15 ਹਾੜ | 29 ਜੂਨ |
| ਸਿਰਜਣਾ ਦਿਵਸ ਸ਼੍ਰੀ ਅਕਾਲ ਤਖ਼ਤ ਸਾਹਿਬ | 18 ਹਾੜ | 02 ਜੁਲਾਈ |
| ਪ੍ਰਕਾਸ਼ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | 21 ਹਾੜ | 05 ਜੁਲਾਈ |
| ਸ਼ਹੀਦੀ ਭਾਈ ਮਨੀ ਸਿੰਘ ਜੀ | 25 ਹਾੜ | 09 ਜੁਲਾਈ |
| **ਸਾਵਣ ਮਹੀਨਾ ਸ਼ੁਰੂ** | **01 ਸਾਵਣ** | **16 ਜੁਲਾਈ** |
| ਸ਼ਹੀਦੀ ਭਾਈ ਤਾਰੂ ਸਿੰਘ ਜੀ | 01 ਸਾਵਣ | 16 ਜੁਲਾਈ |
| ਮੀਰੀ-ਪੀਰੀ ਦਿਵਸ ਪਾਤਸ਼ਾਹੀ ਛੇਵੀਂ | 06 ਸਾਵਣ | 21 ਜੁਲਾਈ |
| ਪ੍ਰਕਾਸ਼ ਸ਼੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | 08 ਸਾਵਣ | 23 ਜੁਲਾਈ |
| ਸ਼ਹੀਦੀ ਸ: ਊਧਮ ਸਿੰਘ ਜੀ | 16 ਸਾਵਣ | 31 ਜੁਲਾਈ |
| ਮੋਰਚਾ ਗੁਰੂ ਕਾ ਬਾਗ | 24 ਸਾਵਣ | 08 ਅਗਸਤ |
| **ਭਾਦੋਂ ਮਹੀਨਾ ਸ਼ੁਰੂ** | **1 ਭਾਦੋਂ** | **16 ਅਗਸਤ** |
| ਸੰਪੂਰਨਤਾ ਦਿਵਸ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ | 15 ਭਾਦੋਂ | 30 ਅਗਸਤ |
| ਪਹਿਲਾ ਪ੍ਰਕਾਸ਼ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ | 17 ਭਾਦੋਂ | 01 ਸਤੰਬਰ |
| **ਅੱਸੂ ਮਹੀਨਾ ਸ਼ੁਰੂ** | **01 ਅੱਸੂ** | **15 ਸਤੰਬਰ** |
| ਗੁਰਗੱਦੀ ਪਾਤਸ਼ਾਹੀ 4 ਅਤੇ 5 | 02 ਅੱਸੂ | 16 ਸਤੰਬਰ |
| ਜੋਤੀ-ਜੋਤ ਪਾਤਸ਼ਾਹੀ 3 ਅਤੇ 4 | 02 ਅੱਸੂ | 16 ਸਤੰਬਰ |
| ਗੁਰਗੱਦੀ ਗੁਰੂ ਅੰਗਦ ਸਾਹਿਬ ਜੀ | 04 ਅੱਸੂ | 18 ਸਤੰਬਰ |
| ਜੋਤੀ-ਜੋਤ ਸ਼੍ਰੀ ਗੁਰੂ ਨਾਨਕ ਸਾਹਿਬ ਜੀ | 08 ਅੱਸੂ | 22 ਸਤੰਬਰ |
| ਜੋੜ ਮੇਲਾ ਬੀੜ ਬਾਬਾ ਬੁੱਢਾ ਜੀ | 21 ਅੱਸੂ | 05 ਅਕਤੂਬਰ |

| | | |
|---|---|---|
| ਪ੍ਰਕਾਸ਼ ਸ਼੍ਰੀ ਗੁਰੂ ਰਾਮਦਾਸ ਜੀ | 25 ਅੱਸੂ | 09 ਅਕਤੂਬਰ |
| ਸ਼ਹੀਦੀ ਭਾਈ ਸੁਖਦੇਵ ਸਿੰਘ ਸੁੱਖਾ,<br>ਭਾਈ ਹਰਜਿੰਦਰ ਸਿੰਘ ਜਿੰਦਾ | 25 ਅੱਸੂ | 09 ਅਕਤੂਬਰ |
| **ਕੱਤਕ ਮਹੀਨਾ ਸ਼ੁਰੂ** | **01 ਕੱਤਕ** | **15 ਅਕਤੂਬਰ** |
| ਗੁਰਗੱਦੀ ਸ਼੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | 06 ਕੱਤਕ | 20 ਅਕਤੂਬਰ |
| ਜੋਤੀ-ਜੋਤ ਸ਼੍ਰੀ ਗੁਰੂ ਹਰਿਰਾਇ ਸਾਹਿਬ ਜੀ | 06 ਕੱਤਕ | 20 ਅਕਤੂਬਰ |
| ਗੁਰਗੱਦੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ | 06 ਕੱਤਕ | 20 ਅਕਤੂਬਰ |
| ਜੋਤੀ-ਜੋਤ ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ | 07 ਕੱਤਕ | 21 ਅਕਤੂਬਰ |
| ਸਥਾਪਨਾ ਚੀਫ ਖ਼ਾਲਸਾ ਦੀਵਾਨ | 14 ਕੱਤਕ | 28 ਅਕਤੂਬਰ |
| ਸਾਕਾ ਪੰਜਾ ਸਾਹਿਬ | 14 ਕੱਤਕ | 28 ਅਕਤੂਬਰ |
| ਸ਼ਹੀਦੀ ਭਾਈ ਬੇਅੰਤ ਸਿੰਘ | 17 ਕੱਤਕ | 31 ਅਕਤੂਬਰ |
| ਜਨਮ ਦਿਨ ਭਗਤ ਨਾਮਦੇਵ ਜੀ | 29 ਕੱਤਕ | 12 ਨਵੰਬਰ |
| ਸ਼ਹੀਦੀ ਬਾਬਾ ਦੀਪ ਸਿੰਘ | 30 ਕੱਤਕ | 13 ਨਵੰਬਰ |
| **ਮੱਘਰ ਮਹੀਨਾ ਸ਼ੁਰੂ** | **01 ਮੱਘਰ** | **14 ਨਵੰਬਰ** |
| ਸਥਾਪਨਾ ਸ਼੍ਰੋ : ਗੁਰਦੁਆਰਾ ਪ੍ਰਬੰਧਕ ਕਮੇਟੀ | 01 ਮੱਘਰ | 14 ਨਵੰਬਰ |
| ਗੁਰਗੱਦੀ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ | 11 ਮੱਘਰ | 24 ਨਵੰਬਰ |
| ਸ਼ਹੀਦੀ ਸ਼੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ | 11 ਮੱਘਰ | 24 ਨਵੰਬਰ |
| ਸ਼ਹੀਦੀ ਭਾਈ ਮਤੀ ਦਾਸ ਜੀ,<br>ਭਾਈ ਦਿਆਲਾ ਜੀ, ਭਾਈ ਸਤੀ ਦਾਸ ਜੀ | 11 ਮੱਘਰ | 24 ਨਵੰਬਰ |
| ਜਨਮ ਸਾਹਿਬਜ਼ਾਦਾ ਜੋਰਾਵਰ ਸਿੰਘ ਜੀ | 15 ਮੱਘਰ | 28 ਨਵੰਬਰ |
| ਸ਼ਹੀਦੀ ਬਾਬਾ ਗੁਰਬਖ਼ਸ਼ ਸਿੰਘ ਜੀ | 19 ਮੱਘਰ | 02 ਦਸੰਬਰ |
| ਜਨਮ ਸਾਹਿਬਜ਼ਾਦਾ ਫਤਹਿ ਸਿੰਘ ਜੀ | 29 ਮੱਘਰ | 12 ਦਸੰਬਰ |
| ਸਥਾਪਨਾ ਸ਼੍ਰੋਮਣੀ ਅਕਾਲੀ ਦਲ | 30 ਮੱਘਰ | 13 ਦਸੰਬਰ |
| **ਪੋਹ ਮਹੀਨਾ ਸ਼ੁਰੂ** | **01 ਪੋਹ** | **14 ਦਸੰਬਰ** |
| ਸ਼ਹੀਦੀ ਵੱਡੇ ਸਾਹਿਬਜ਼ਾਦੇ, ਬਾਬਾ ਜੀਵਨ ਸਿੰਘ ਜੀ ਅਤੇ<br>ਚਮਕੌਰ ਸਾਹਿਬ ਦੇ ਹੋਰ ਸ਼ਹੀਦ | 8 ਪੋਹ | 21 ਦਸੰਬਰ |
| ਸ਼ਹੀਦੀ ਬਾਬਾ ਸੰਗਤ ਸਿੰਘ ਜੀ | 09 ਪੋਹ | 22 ਦਸੰਬਰ |
| ਸ਼ਹੀਦੀ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰ ਕੌਰ ਜੀ | 13 ਪੋਹ | 26 ਦਸੰਬਰ |
| ਜਨਮ ਸ਼ਹੀਦ ਭਾਈ ਊਧਮ ਸਿੰਘ ਜੀ | 13 ਪੋਹ | 26 ਦਸੰਬਰ |
| ਪ੍ਰਕਾਸ਼ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ | 23 ਪੋਹ | 05 ਜਨਵਰੀ |
| **ਮਾਘ ਮਹੀਨਾ ਸ਼ੁਰੂ** | **01 ਮਾਘ** | **13 ਜਨਵਰੀ** |
| ਜੋੜ ਮੇਲਾ ਮਾਘੀ ਮੁਕਤਸਰ ਸਾਹਿਬ | 01 ਮਾਘ | 13 ਜਨਵਰੀ |
| ਨੀਂਹ ਪੱਥਰ ਸ਼੍ਰੀ ਦਰਬਾਰ ਸਾਹਿਬ, ਸ਼੍ਰੀ ਅੰਮ੍ਰਿਤਸਰ | 01 ਮਾਘ | 13 ਜਨਵਰੀ |
| ਚਾਬੀਆਂ ਦਾ ਮੋਰਚਾ | 07 ਮਾਘ | 19 ਜਨਵਰੀ |
| ਜਨਮ ਬਾਬਾ ਦੀਪ ਸਿੰਘ ਜੀ ਸ਼ਹੀਦ | 14 ਮਾਘ | 26 ਜਨਵਰੀ |
| ਪ੍ਰਕਾਸ਼ ਸ਼੍ਰੀ ਗੁਰੂ ਹਰਿਰਾਇ ਸਾਹਿਬ ਜੀ | 19 ਮਾਘ | 31 ਜਨਵਰੀ |
| ਜੋੜਮੇਲਾ ਕੋਠਾ ਸਾਹਿਬ (ਵੱਲਾ) | 25 ਮਾਘ | 06 ਫਰਵਰੀ |
| ਵੱਡਾ ਘੱਲੂਘਾਰਾ (ਕੁੱਪ-ਰੋਹੀੜਾ) | 27 ਮਾਘ | 08 ਫਰਵਰੀ |
| ਜਨਮ ਸਾਹਿਬਜ਼ਾਦਾ ਅਜੀਤ ਸਿੰਘ ਜੀ | 30 ਮਾਘ | 11 ਫਰਵਰੀ |
| **ਫੱਗਣ ਮਹੀਨਾ ਸ਼ੁਰੂ** | **01 ਫੱਗਣ** | **12 ਫਰਵਰੀ** |
| ਜਨਮ ਦਿਨ ਭਗਤ ਰਵਿਦਾਸ ਜੀ | 01 ਫੱਗਣ | 12 ਫਰਵਰੀ |
| ਬੰਦੀਛੋੜ ਦਿਹਾੜਾ | 01 ਫੱਗਣ | 12 ਫਰਵਰੀ |
| ਸਾਕਾ ਨਨਕਾਣਾ ਸਾਹਿਬ | 10 ਫੱਗਣ | 21 ਫਰਵਰੀ |
| ਜੈਤੋ ਦਾ ਮੋਰਚਾ | 10 ਫੱਗਣ | 21 ਫਰਵਰੀ |
| ਕੌਮਾਂਤਰੀ ਮਹਿਲਾ ਦਿਵਸ | 25 ਫੱਗਣ | 08 ਮਾਰਚ |

# ਸਿੱਧ ਗੋਸ਼ਟਿ ਦਾ ਸਾਰ (ਭਾਗ – 4)

ਪ੍ਰੋਫ਼ੈਸਰ (ਡਾ.) ਸੁਰਜੀਤ ਸਿੰਘ ਭੱਟੀ, ਕੈਲਗਰੀ (ਕੈਨੇਡਾ)

(ਇਸ ਲੜੀ ਦੇ ਪਿਛਲੇ ਭਾਗ ਆਪ ਜਨਵਰੀ ਤੋਂ ਮਾਰਚ 2024 ਦੇ ਅੰਕਾਂ ਵਿਚ ਪੜ੍ਹ ਚੁਕੇ ਹੋ ਜੀ)

ਸਿਧਾਂ ਦਾ ਇਹ ਵਿਸ਼ਵਾਸ ਸੀ ਕਿ ਸਿੱਧੀਆਂ ਨਾਲ ਮੁਕਤੀ ਹੋ ਸਕਦੀ ਹੈ। ਗੁਰੂ ਨਾਨਕ ਦੇਵ ਜੀ ਨੇ ਸਿੱਧਾਂ ਨੂੰ ਕਿਹਾ ਕਿ ਸੰਸਾਰ ਵਿੱਚ ਈਮਾਨਦਾਰੀ ਨਾਲ ਕਮਾਈ ਕਰ ਕੇ, ਲੋੜਵੰਦਾਂ ਦੀ ਮਦਦ ਕਰ ਕੇ ਅਤੇ ਪ੍ਰਮਾਤਮਾ ਨੂੰ ਹਰ ਵੇਲੇ ਯਾਦ ਰਖਿੱਆਂ ਮੁਕਤੀ ਪ੍ਰਾਪਤ ਕੀਤੀ ਜਾ ਸਕਦੀ ਹੈ। ਪਵਿੱਤਰਤਾ ਅਤੇ ਮੁਕਤੀ ਸੱਚੇ ਸ਼ਬਦ ਦੇ ਬਗ਼ੈਰ ਨਹੀਂ ਮਿਲਦੇ। ਹੋਰ ਸਭ ਭਟਕਣਾਂ ਹਨ। ਸਿੱਧਾਂ ਦੇ ਪੁਛੇ ਗਏ ਕੁਝ ਪ੍ਰਸ਼ਨ ਅਤੇ ਗੁਰੂ ਸਾਹਿਬ ਵਲੋਂ ਦਿੱਤੇ ਉਤੱਰ ਅੱਗੇ ਇਸ ਲੜੀ ਵਿਚ ਹਨ।

**ਪ੍ਰਸ਼ਨ** : ਮਨ ਦਾ ਚੰਦਰਮਾ ਠੰਡਾ ਅਤੇ ਹਨੇਰਾ ਹੈ; ਇਹ ਕਿਵੇਂ ਗਿਆਨਵਾਨ ਹੋ ਸਕਦਾ ਹੈ? ਸੂਰਜ ਇੰਨੀ ਚਮਕ ਨਾਲ ਕਿਵੇਂ ਬਲਦਾ ਹੈ? ਮੌਤ ਦੀ ਨਿਰੰਤਰ ਜਾਗਦੀ ਨਜ਼ਰ ਕਿਵੇਂ ਮੋੜੀ ਜਾ ਸਕਦੀ ਹੈ? ਗੁਰਮੁਖ ਦੀ ਇੱਜ਼ਤ ਕਿਸ ਸਮਝ ਨਾਲ ਬਚਾਈ ਜਾਂਦੀ ਹੈ? ਯੋਧਾ ਕੌਣ ਹੈ, ਜੋ ਮੌਤ ਨੂੰ ਜਿੱਤਦਾ ਹੈ? ਸਾਨੂੰ ਆਪਣਾ ਜਵਾਬ ਦਿਓ।

**ਉਤੱਰ** : ਸ਼ਬਦ ਦੀ ਆਵਾਜ਼ ਦੇਣ ਨਾਲ ਮਨ ਦਾ ਚੰਦਰਮਾ ਅਨੰਤਤਾ ਨਾਲ ਪ੍ਰਕਾਸ਼ਮਾਨ ਹੁੰਦਾ ਹੈ। ਜਦੋਂ ਸੂਰਜ ਚੰਦਰਮਾ ਦੇ ਘਰ ਵਿਚ ਵੱਸਦਾ ਹੈ, ਹਨੇਰਾ ਦੂਰ ਹੋ ਜਾਂਦਾ ਹੈ। ਸੁਖ ਅਤੇ ਦੁੱਖ ਇੱਕੋ ਜਿਹੇ ਹੋ ਜਾਂਦੇ ਹਨ, ਜਦੋਂ ਮਨੁੱਖ ਪਰਮਾਤਮਾ ਦੇ ਨਾਮ ਦਾ ਆਸਰਾ ਲੈਂਦਾ ਹੈ। ਉਹ ਆਪ ਹੀ ਬਚਾ ਲੈਂਦਾ ਹੈ ਅਤੇ ਸਾਨੂੰ ਪਾਰ ਉਤਾਰਦਾ ਹੈ। ਗੁਰਾਂ ਉੱਤੇ ਵਿਸ਼ਵਾਸ ਕਰਨ ਨਾਲ, ਮਨ ਸੱਚ ਵਿੱਚ ਅਭੇਦ ਹੋ ਜਾਂਦਾ ਹੈ, ਅਤੇ ਫਿਰ ਇੱਸ ਨੂੰ ਮੌਤ ਦੁਆਰਾ ਖਾਧਾ ਨਹੀਂ ਜਾਂਦਾ।

ਹਰਿ–ਨਾਮ ਦਾ ਸਾਰ ਸਭ ਤੋਂ ਉੱਚਾ ਤੇ ਉੱਤਮ ਜਾਣਿਆ ਜਾਂਦਾ ਹੈ। ਨਾਮ ਦੇ ਬਾਝੋਂ ਬੰਦਾ ਦੁੱਖ ਅਤੇ ਮੌਤ ਨਾਲ ਗ੍ਰਸਤ ਹੁੰਦਾ ਹੈ। ਜਦੋਂ ਕਿਸੇ ਦਾ ਸਾਰ ਤੱਤ ਵਿੱਚ ਅਭੇਦ ਹੋ ਜਾਂਦਾ ਹੈ, ਤਾਂ ਮਨ ਸੰਤੁਸ਼ਟ ਅਤੇ ਪੂਰਨ ਹੋ ਜਾਂਦਾ ਹੈ। ਦਵੈਤ–ਭਾਵ ਦੂਰ ਹੋ ਜਾਂਦਾ ਹੈ ਅਤੇ ਮਨੁੱਖ ਇੱਕ ਪ੍ਰਭੂ ਦੇ ਘਰ ਵਿੱਚ ਪ੍ਰਵੇਸ਼ ਕਰਦਾ ਹੈ। ਸਾਹ ਦਸਵੇਂ ਦਰਵਾਜ਼ੇ ਦੇ ਅਸਮਾਨ ਵਿੱਚ ਉੱਡਦਾ ਹੈ ਅਤੇ ਕੰਬਦਾ ਹੈ। ਪ੍ਰਾਣੀ ਤਦ ਅਨਾਦਿ, ਅਟੱਲ ਸੁਆਮੀ ਨੂੰ ਸਹਿਜ ਰੂਪ ਵਿੱਚ ਮਿਲ ਜਾਂਦਾ ਹੈ।

ਪੂਰਨ ਪ੍ਰਭੂ ਅੰਦਰੋਂ ਡੂੰਘਾ ਹੈ, ਸਾਡੇ ਬਾਹਰ ਵੀ ਹੈ ਅਤੇ ਤਿੰਨਾਂ ਜਹਾਨਾਂ ਨੂੰ ਪੂਰੀ ਤਰ੍ਹਾਂ ਨਾਲ ਭਰ ਦਿੰਦਾ ਹੈ। ਜੋ ਚੌਥੀ ਅਵਸਥਾ ਵਿਚ ਪ੍ਰਭੂ ਨੂੰ ਜਾਣਦਾ ਹੈ, ਉਹ ਗੁਣ ਜਾਂ ਅਵਗੁਣ ਦੇ ਅਧੀਨ ਨਹੀਂ ਹੁੰਦਾ। ਜੋ ਪਰਮ ਪੁਰਖ ਦੇ ਭੇਤ ਨੂੰ ਜਾਣ ਜਾਂਦਾ ਹੈ, ਜੋ ਹਰੇਕ ਦਿਲ ਵਿੱਚ ਵਿਆਪਕ ਹੈ, ਪਰਮ ਹਸਤੀ, ਪਵਿੱਤਰ ਬ੍ਰਹਮ ਨੂੰ ਜਾਣਦਾ ਹੈ। ਉਹ ਨਿਮਾਣਾ ਜੀਵ ਜੋ ਪਵਿੱਤ੍ਰ ਨਾਮ ਨਾਲ ਰੰਗਿਆ ਹੋਇਆ ਹੈ ਪ੍ਰਭੂ ਉਸ ਦੀ ਕਿਸਮਤ ਦਾ ਨਿਰਮਾਤਾ ਹੈ।

ਹਰ ਕੋਈ ਪੂਰਨ ਪ੍ਰਭੂ ਦੀ ਗੱਲ ਕਰਦਾ ਹੈ ਜੋ ਅਪ੍ਰਤੱਖ ਹੈ। ਕੋਈ ਇਸ ਪੂਰਨ ਪ੍ਰਭੂ ਨੂੰ ਕਿਵੇਂ ਪਾ ਸਕਦਾ ਹੈ? ਉਹ ਕੌਣ ਹਨ, ਜੋ ਇਸ ਪੂਰਨ ਪੁਰਖ ਨਾਲ ਜੁੜੇ ਹੋਏ ਹਨ? ਉਹ ਪ੍ਰਭੂ ਵਰਗੇ ਹਨ, ਜਿਸ ਤੋਂ ਉਹ ਪੈਦਾ ਹੋਏ ਹਨ। ਉਹ ਜੰਮਦੇ, ਮਰਦੇ ਨਹੀਂ; ਆਉਂਦੇ ਅਤੇ ਜਾਂਦੇ ਨਹੀਂ ਹਨ। ਗੁਰਮੁਖ ਆਪਣੇ ਮਨ ਨੂੰ ਉਪਦੇਸ਼ ਦਿੰਦੇ ਹਨ।

ਨੌਂ ਦਰਵਾਜ਼ਿਆਂ ਉੱਤੇ ਨਿਯੰਤਰਣ ਕਰਨ ਦਾ ਅਭਿਆਸ ਕਰਨ ਨਾਲ, ਵਿਅਕਤੀ ਦਸਵੇਂ ਦਰਵਾਜ਼ੇ ਉੱਤੇ ਸੰਪੂਰਨ ਨਿਯੰਤਰਣ ਪਾ ਲੈਂਦਾ ਹੈ। ਉਥੇ, ਪੂਰਨ ਪ੍ਰਭੂ ਦਾ ਅਟੁੱਟ ਧੁਨੀ ਧਾਰਾ ਗੂੰਜਦੀ ਹੈ। ਸਦਾ-ਥਿਰ ਰਹਿਣ ਵਾਲੇ ਸੱਚੇ ਸੁਆਮੀ ਨੂੰ ਵੇਖਦਾ ਅਤੇ ਉਸ ਨਾਲ ਅਭੇਦ ਹੋ ਜਾਂਦਾ ਹੈ। ਸੱਚਾ ਸੁਆਮੀ ਹਰੇਕ ਹਿਰਦੇ ਵਿਚ ਵਿਆਪਕ ਹੈ। ਸ਼ਬਦ ਰਾਹੀਂ ਛੁਪੀ ਹੋਈ ਬਾਣੀ ਪ੍ਰਗਟ ਹੁੰਦੀ ਹੈ, ਜਿਸ ਨਾਲ ਸੱਚਾ ਸੁਆਮੀ ਪ੍ਰਗਟ ਅਤੇ ਜਾਣਿਆ ਜਾਂਦਾ ਹੈ।

ਅੰਤਰ-ਆਤਮਾ ਵਿਚ ਪ੍ਰੇਮ ਰਾਹੀਂ ਪ੍ਰਭੂ ਨੂੰ ਮਿਲ ਕੇ ਸ਼ਾਂਤੀ ਮਿਲਦੀ ਹੈ। ਗੁਰਮੁਖਿ ਸੁਚੇਤ ਰਹਿੰਦਾ ਹੈ; ਉਸਨੂੰ ਨੀਂਦ ਨਹੀਂ ਆਉਂਦੀ। ਉਹ ਬੇਅੰਤ, ਪੂਰਨ ਸ਼ਬਦ ਨੂੰ ਆਪਣੇ ਅੰਦਰ ਟਿਕਾਉਂਦਾ ਹੈ। ਸ਼ਬਦ ਦਾ ਉਚਾਰਨ ਕਰਨ ਦੁਆਰਾ ਉਹ ਮੁਕਤ ਹੋ ਜਾਂਦਾ ਹੈ ਅਤੇ ਹੋਰਨਾਂ ਨੂੰ ਭੀ ਬਚਾ ਲੈਂਦਾ ਹੈ। ਜੋ ਗੁਰਾਂ ਦੇ ਉਪਦੇਸ਼ ਦੀ ਕਮਾਈ ਕਰਦੇ ਹਨ, ਉਹ ਸੱਚ ਨਾਲ ਰੰਗੇ ਜਾਂਦੇ ਹਨ। ਜੋ ਆਪਣੀ ਸਵੈ-ਹੰਗਤਾ ਨੂੰ ਮਿਟਾ ਦਿੰਦੇ ਹਨ, ਉਹ ਪ੍ਰਭੂ ਨੂੰ ਮਿਲਦੇ ਹਨ; ਉਹ ਸੰਦੇਹ ਨਾਲ ਵੱਖ ਨਹੀਂ ਰਹਿੰਦੇ।

**ਪ੍ਰਸ਼ਨ** : ਉਹ ਥਾਂ ਕਿੱਥੇ ਹੈ, ਜਿੱਥੇ ਭੈੜੇ ਵਿਚਾਰਾਂ ਦਾ ਨਾਸ਼ ਹੁੰਦਾ ਹੈ? ਜੋ ਤੱਤ ਨੂੰ ਨਹੀਂ ਸਮਝਦਾ; ਉਸ ਨੂੰ ਦਰਦ ਕਿਉਂ ਝੱਲਣਾ ਪਏਗਾ ?

ਉਤੱਰ : ਮੌਤ ਦੇ ਬੂਹੇ ਵਿਚ ਬੰਨ੍ਹੇ ਹੋਏ ਨੂੰ ਕੋਈ ਨਹੀਂ ਬਚਾ ਸਕਦਾ। ਸ਼ਬਦ ਦੇ ਬਾਝੋਂ ਕਿਸੇ ਦਾ ਕੋਈ ਉਧਾਰ ਜਾਂ ਇੱਜ਼ਤ ਨਹੀਂ ਹੈ। ਮੂਰਖ ਆਪਾ-ਭਾਵੀ ਮਨਮੁਖ ਨਹੀਂ ਸਮਝਦਾ। ਗੁਰਾਂ ਦੇ ਉਪਦੇਸ਼ ਦਾ ਚਿੰਤਨ ਕਰਨ ਦੁਆਰਾ ਮੰਦੇ ਵਿਚਾਰ ਮਿਟ ਜਾਂਦੇ ਹਨ। ਸੱਚੇ ਗੁਰਾਂ ਨੂੰ ਮਿਲਣ ਦੁਆਰਾ, ਮੁਕਤੀ ਦਾ ਦਰਵਾਜ਼ਾ ਮਿਲ ਜਾਂਦਾ ਹੈ।

ਆਪ-ਹੁਦਰਾ ਮਨਮੁਖ ਅਸਲੀਅਤ ਨੂੰ ਨਹੀਂ ਸਮਝਦਾ ਅਤੇ ਸੜ ਕੇ ਸੁਆਹ ਹੋ ਜਾਂਦਾ ਹੈ। ਉਸ ਦੀ ਬਦੀ ਉਸ ਨੂੰ ਪ੍ਰਭੂ ਤੋਂ ਵੱਖ ਕਰ ਦਿੰਦੀ ਹੈ ਅਤੇ ਉਹ ਦੁਖੀ ਹੁੰਦਾ ਹੈ। ਪ੍ਰਭੂ ਦੇ ਹੁਕਮ ਨੂੰ ਮੰਨ ਕੇ ਉਸ ਉਤੇ ਸਾਰੇ ਗੁਣਾਂ ਅਤੇ ਆਤਮਕ ਗਿਆਨ ਦੀ ਬਖ਼ਸ਼ਿਸ਼ ਹੋ ਜਾਂਦੀ ਹੈ। ਉਹ ਪ੍ਰਭੂ ਦੇ ਦਰਬਾਰ ਅੰਦਰ ਆਦਰ ਪਾਂਦਾ ਹੈ।

ਜਿਸ ਦੇ ਕੋਲ ਵਣਜ, ਸੱਚੇ ਨਾਮ ਦੀ ਦੌਲਤ ਹੈ, ਉਹ ਪਾਰ ਲੰਘ ਜਾਂਦਾ ਹੈ ਅਤੇ ਹੋਰਨਾਂ ਨੂੰ ਵੀ ਆਪਣੇ ਨਾਲ ਪਾਰ ਉਤਾਰਦਾ ਹੈ। ਜੋ ਸਹਜ ਨਾਲ ਸਮਝਦਾ ਹੈ ਅਤੇ ਸੁਆਮੀ ਨਾਲ ਰੰਗਿਆ ਜਾਂਦਾ ਹੈ, ਉਹ ਆਦਰ ਪਾਂਦਾ ਹੈ। ਉਸ ਦੀ ਕੀਮਤ ਦਾ ਕੋਈ ਅੰਦਾਜ਼ਾ ਨਹੀਂ ਲਗਾ ਸਕਦਾ। ਮੈਂ ਜਿਧਰ ਵੇਖਦਾ ਹਾਂ, ਮੈਂ ਪ੍ਰਭੂ ਨੂੰ ਵਿਆਪਕ ਵੇਖਦਾ ਹਾਂ। ਸੱਚੇ ਸੁਆਮੀ ਦੀ ਪ੍ਰੀਤ ਦੁਆਰਾ ਬੰਦਾ ਪਾਰ ਲੰਘ ਜਾਂਦਾ ਹੈ।

**ਪ੍ਰਸ਼ਨ** : ਸ਼ਬਦ ਕਿੱਥੇ ਵੱਸਦਾ ਹੈ ? ਸਾਨੂੰ ਭਿਆਨਕ ਸੰਸਾਰ ਤੋਂ ਕਿਵੇਂ ਪਾਰ ਲੈ ਜਾਵੇਗਾ ? ਸਾਹ, ਜਦੋਂ ਛੱਡਿਆ ਜਾਂਦਾ ਹੈ, ਦਸ ਉਂਗਲਾਂ ਦੀ ਲੰਬਾਈ ਵਧਾਉਂਦਾ ਹੈ; ਸਾਹ ਦਾ ਸਹਾਰਾ ਕੀ ਹੈ ? ਬੋਲਣਾ ਅਤੇ ਖੇਡਣਾ, ਕਿਵੇਂ ਸਥਿਰ ਅਤੇ ਅਡੋਲ ਹੋ ਸਕਦੇ ਹਨ? ਅਦ੍ਰਿਸ਼ਟ ਨੂੰ ਕਿਵੇਂ ਦੇਖਿਆ ਜਾ ਸਕਦਾ ਹੈ?

**ਉਤੱਰ** : ਨਾਨਕ ਸੱਚੀ ਅਰਦਾਸ ਕਰਦਾ ਹੈ। ਆਪਣੇ ਮਨ ਨੂੰ ਸਿਖਾਓ। ਗੁਰਮੁਖ ਪਿਆਰ ਨਾਲ ਸੱਚੇ ਸ਼ਬਦ ਵਿਚ ਰੰਗਿਆ ਜਾਂਦਾ ਹੈ। ਆਪਣੀ ਮਿਹਰ ਦੀ ਝਲਕ ਦੇ ਕੇ, ਪ੍ਰਭੂ ਸਾਨੂੰ ਆਪਣੇ ਨਾਲ ਜੋੜਦਾ ਹੈ। ਉਹ ਸਭ ਕੁਝ ਜਾਣਦਾ ਹੈ ਅਤੇ ਸਭ ਨੂੰ ਵੇਖਣ ਵਾਲਾ ਹੈ। ਪੂਰਨ ਕਿਸਮਤ ਦੁਆਰਾ, ਅਸੀਂ ਉਸ ਵਿੱਚ ਅਭੇਦ ਹੋ ਜਾਂਦੇ ਹਾਂ।

# ਬੇਦਾਵਾ - ਕਿੱਥੇ, ਕਦੋਂ ਤੇ ਕਿਨ੍ਹਾਂ ਲਿਖਿਆ ?

## ਭਾਗ 1 - ਅਨੰਦਪੁਰ ਸਾਹਿਬ

ਡਾ. ਕਾਬਲ ਸਿੰਘ ਅਤੇ ਡਾ. ਬਲਦੇਵ ਸਿੰਘ, ਐਡਮਿੰਟਨ (ਕੈਨੇਡਾ)

ਮੁਕਤਸਰ ਸਾਹਿਬ ਅਤੇ ਮਾਘੀ ਪੁਰਬ ਨਾਲ ਸਬੰਧਤ 'ਬੇਦਾਵੇ' ਬਾਰੇ ਵੱਖ-ਵੱਖ ਇਤਿਹਾਸਕਾਰਾਂ ਦੇ ਵਿਚਾਰਾਂ 'ਤੇ ਅਧਾਰਤ 'ਚਾਲੀ ਮੁਕਤਿਆਂ' ਦਾ ਸਫ਼ਰ ਵਰਨਣ ਕਰਨ ਦੀ ਨਿਮਾਣੀ ਜਿਹੀ ਕੋਸ਼ਿਸ਼ ਕਰ ਰਹੇ ਹਾਂ।

### ਅਨੰਦਪੁਰ ਸਾਹਿਬ ਦੀ ਦੂਜੀ ਲੜਾਈ (1704)

ਅਨੰਦਪੁਰ ਦੇ ਕਿਲੇ ਨੂੰ ਘੇਰਾ ਪਿਆਂ ਲਗਪਗ ਅੱਠ ਮਹੀਨੇ ਬੀਤ ਗਏ ਸਨ। ਛੋਟੀਆਂ ਵੱਡੀਆਂ ਝੜਪਾਂ ਵਿੱਚ ਕਾਫ਼ੀ ਸਿੰਘ ਸ਼ਹੀਦ ਹੋਣ ਅਤੇ ਖਾਣ ਪੀਣ ਤੇ ਹੋਰ ਚੀਜ਼ਾਂ ਦੀ ਅਤਿਅੰਤ ਘਾਟ ਕਾਰਣ ਸਿੰਘ ਔਖ ਮਹਿਸੂਸ ਕਰ ਰਹੇ ਸਨ। ਪਹਾੜੀ ਰਾਜਿਆਂ ਅਤੇ ਮੁਗਲਾਂ ਨੇ ਗਊ ਤੇ ਕੁਰਾਨ ਦੀਆਂ ਸਹੁੰਆਂ ਚੁਕ ਕੇ ਦਸ਼ਮੇਸ਼ ਪਿਤਾ ਨੂੰ ਚਿੱਠੀ ਲਿਖੀ ਕਿ ਤੁਸੀਂ ਕਿਲਾ ਖਾਲੀ ਕਰਕੇ ਕਿਸੇ ਹੋਰ ਜਗ੍ਹਾ ਚਲੇ ਜਾਓ ਤਾਂ ਅਸੀਂ ਤੁਹਾਨੂੰ ਨਹੀਂ ਰੋਕਾਂਗੇ। ਕੁਝ ਸਿੱਖਾਂ ਵਲੋਂ ਕਿਲਾ ਛੱਡਣ ਦੀ ਬੇਨਤੀ ਕਰਨ ਤੇ ਗੁਰੂ ਜੀ ਨਾ ਮੰਨੇ। ਇੱਕ ਵਾਰ ਤਾਂ ਸਿੱਖ ਚੁਪ ਕਰ ਗਏ।

ਸਹੁੰਆਂ ਤੇ ਔਰੰਗਜ਼ੇਬ ਦੇ ਹਸਤਾਖਰ ਵਾਲੀ ਦੂਜੀ ਚਿੱਠੀ ਆਉਣ ਤੇ ਕੁਝ ਸਿੱਖਾਂ ਨੇ ਗੁਰੂ ਜੀ ਨੂੰ ਫਿਰ ਸਲਾਹ ਦਿੱਤੀ ਕਿ ਨੁਕਸਾਨ ਬਹੁਤ ਹੋ ਚੁੱਕਿਆ ਹੈ, ਸਿੱਖ ਦੁਖੀ ਹਨ, ਰਸਦ ਪਾਣੀ ਮੁੱਕ ਰਿਹਾ ਹੈ, ਲੜਾਈ ਦਾ ਕੋਈ ਅੰਤ ਨਜ਼ਰ ਨਹੀਂ ਆ ਰਿਹਾ, ਸੋ ਕਿਲਾ ਛੱਡਣਾ ਬਿਹਤਰ ਹੋਵੇਗਾ। ਨਾਲੇ ਮਾਲਵੇ ਦੇ ਇਲਾਕੇ ਵਿੱਚ ਰਹਿਣਾ ਠੀਕ ਰਹੇਗਾ।

ਇਸ ਵਾਰ ਵੀ ਗੁਰੂ ਜੀ ਕਿਲਾ ਖਾਲੀ ਕਰਨ ਲਈ ਨਾ ਮੰਨੇ। ਗੁਰੂ ਜੀ ਨੇ ਸਮਝਾਇਆ ਕਿ ਦੁਸ਼ਮਨ ਬਹੁਤ ਚਾਤਰ ਤੇ ਮਕਾਰ ਹੈ, ਉਸ ਦੀਆਂ ਸਹੁੰਆਂ ਉਤੇ ਭਰੋਸਾ ਨਹੀਂ ਕਰ ਸਕਦੇ।

### ਬੇਦਾਵੇ ਬਾਰੇ ਪ੍ਰਚਲਤ ਵਿਚਾਰ

ਪ੍ਰਚਲਤ ਸਾਖੀਆਂ ਅਨੁਸਾਰ ਕੁਝ ਸਿੱਖਾਂ ਨੇ ਕਿਲਾ ਛਡਣ ਦੀ ਜ਼ਿਦ ਕੀਤੀ ਤਾਂ ਗੁਰੂ ਸਾਹਿਬ ਨੇ ਕਿਹਾ ਕਿ ਜਾਣਾ ਹੈ ਤਾਂ ਬੇਦਾਵਾ ਲਿਖ ਕੇ ਦੇ ਜਾਓ। ਕਹਿੰਦੇ ਹਨ ਕੁਝ ਸਿੱਖਾਂ ਨੇ "ਨਾ ਤੂੰ ਸਾਡਾ ਗੁਰੂ, ਨਾ ਅਸੀਂ ਤੇਰੇ ਸਿੱਖ" ਲਿਖ ਕੇ ਦੇ ਦਿੱਤਾ ਤੇ ਘਰਾਂ ਨੂੰ ਪਰਤ ਗਏ। ਇਨ੍ਹਾਂ 'ਚੋਂ ਬਹੁਤੇ ਮਾਝੇ ਦੇ ਰਹਿਣ ਵਾਲੇ ਦੱਸੇ ਜਾਂਦੇ ਹਨ। ਇਨ੍ਹਾਂ ਦੇ ਨਾਵਾਂ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ ਅਤੇ ਗਿਣਤੀ ਬਾਰੇ ਵੀ ਅਲਗ-ਅਲਗ ਅੰਦਾਜ਼ੇ ਹਨ।

ਗੁਰੂ ਜੀ ਨੇ ਬਾਕੀ ਸਿੱਖਾਂ ਨੂੰ ਕਿਹਾ ਕਿ ਜੇ ਚਾਹੋ ਤੁਸੀਂ ਵੀ ਸਿੱਖੀ ਤੋਂ ਬੇਦਾਵਾ ਲਿਖ ਕੇ ਜਾ ਸਕਦੇ ਹੋ। ਭਾਈ ਉਦੇ ਸਿੰਘ ਤੇ ਆਲਮ ਸਿੱਘ ਆਦਿ ਨੇ ਬੇਨਤੀ ਕੀਤੀ ਕਿ ਗੁਰੂ ਜੀ ਤੁਸੀਂ ਸਾਡੇ ਲੋਕ-ਪ੍ਰਲੋਕ ਵਿਚ ਸਹਾਈ ਹੋ, ਜੋ ਮਰਜ਼ੀ ਹੋਵੇ ਅਸੀਂ ਆਪ ਜੀ ਦਾ ਸਾਥ ਨਹੀਂ ਛੱਡਾਂਗੇ। ਮੌਤ ਤਾਂ ਆਉਣੀ ਹੀ ਹੈ, ਤਾਂ ਫਿਰ ਬੇਮੁਖ ਤੇ ਅਧਰਮੀ ਹੋ ਕੇ ਕਿਉਂ ਮਰੀਏ। ਗੁਰੂ ਜੀ ਨੇ ਪ੍ਰਸੰਨ ਹੋ ਕੇ ਬਚਨ ਕੀਤਾ ਕਿ ਤੁਸੀਂ ਸਿੱਖੀ ਦਾ ਬੀਜ ਕਾਇਮ ਰੱਖ ਦਿਖਾਇਆ ਹੈ, ਜਿਸ ਕਰਕੇ ਖਾਲਸਾ ਬੇਅੰਤ ਵਧੇ-ਫੁਲੇਗਾ। ਆਖ਼ਰ ਮੁਖੀ ਸਿੰਘਾਂ ਨਾਲ ਸਲਾਹ ਕਰਕੇ ਗੁਰੂ ਜੀ ਨੇ ਕਿਲਾ ਖਾਲੀ ਕਰ ਦਿੱਤਾ।

ਅਨੰਦਪੁਰ ਦਾ ਕਿਲਾ ਖਾਲੀ ਕਰਨ ਤੋਂ ਲੈ ਕੇ ਸਰਸਾ ਨਦੀ ਤੇ ਹੋਏ ਨੁਕਸਾਨ, ਪਰਿਵਾਰ ਵਿਛੋੜਾ, ਮਾਲਵੇ ਵਿਚਲਾ ਸਫਰ, ਚਮਕੌਰ ਤੇ ਸਰਹੰਦ ਦੀਆਂ ਦੁਖਦਾਈ ਘਟਨਾਵਾਂ ਤੋਂ ਸਭ ਸਿੱਖ ਅਤਿਅੰਤ ਦੁਖੀ ਸਨ। ਮਝੈਲ ਸਿੱਖਾਂ ਵਲੋਂ ਗੁਰੂ ਜੀ ਨੂੰ ਬੇਦਾਵਾ ਦੇਣ ਕਾਰਨ ਮਾਝੇ ਦੇ ਵਸਨੀਕ ਜ਼ਿਆਦਾ ਦੁਖੀ ਹੋਏ। ਬੇਦਾਵੇ ਵਾਲੇ ਸਿੱਖ ਵੀ ਹੁਣ ਬਹੁਤ ਪਛਤਾ ਰਹੇ ਸਨ ਅਤੇ ਆਪਣੇ ਆਪ ਨੂੰ ਦੋਸ਼ੀ ਮੰਨ ਰਹੇ ਸਨ। ਲੋਕਾਂ ਨੇ ਗੁਰੂ ਨੂੰ ਪਿਠ ਦਿਖਾ ਕੇ ਆਏ ਸਿੰਘਾਂ ਨੂੰ ਬਹੁਤ ਫਿਟਕਾਰਾਂ ਪਾਈਆਂ। ਖਾਸ ਕਰਕੇ ਝਬਾਲ ਪਿੰਡ ਦੀ ਸਿੰਘਣੀ ਮਾਈ ਭਾਗੋ ਨੇ ਇਨ੍ਹਾਂ ਨੂੰ ਬੜਾ ਸ਼ਰਮਸਾਰ ਕੀਤਾ ਤੇ ਨਾਲ ਹੀ ਗੁਰੂ ਜੀ ਪ੍ਰਤੀ ਮੁੜ ਸ਼ਰਧਾ ਅਤੇ ਕੁਰਬਾਨੀ ਲਈ ਉਤਸ਼ਾਹਿਤ ਕੀਤਾ।

ਮਾਝੇ ਅਤੇ ਲਾਹੌਰ ਦੀ ਸੰਗਤ ਨੇ ਬੇਦਾਵਾ ਦੇਣ ਵਾਲੇ ਤੇ ਕੁਝ ਹੋਰ ਸਿੱਖਾਂ ਨੂੰ ਗੁਰੂ ਜੀ ਵਲ ਭੇਜਿਆ। ਇਸ ਜੱਥੇ ਦਾ ਰਾਮੇਆਣਾ ਪਿੰਡ ਦੇ ਨੇੜੇ ਗੁਰੂ ਜੀ ਨਾਲ ਮਿਲਾਪ ਹੋਇਆ ਦੱਸਿਆ ਜਾਂਦਾ ਹੈ। ਬੇਦਾਵਾ ਦੇ ਗਏ ਸਿੱਖਾਂ ਨੇ ਆਪਣੀ ਗਲਤੀ ਤੇ ਪਛਤਾਵਾ ਕੀਤਾ। ਜੱਥੇ ਦੇ ਆਗੂਆਂ ਨੇ ਪ੍ਰਸਤਾਵ ਦਿੱਤਾ ਕਿ ਪਿਛਲੇ ਗੁਰੂਆਂ ਵਾਂਗ ਆਪ ਸ਼ਾਂਤਮਈ ਢੰਗ ਨਾਲ ਰਹੋ ਤਾਂ ਅਸੀਂ ਦਿੱਲੀ ਦੇ ਹਾਕਮਾਂ ਨਾਲ ਆਪ ਜੀ ਦੀ ਸੁਲ੍ਹਾ ਕਰਵਾ ਦੇਵਾਂਗੇ। ਜੰਗ ਕਰਨ ਵਾਲੇ ਗੁਰੂ ਨਾਲ ਸਿੱਖੀ ਨਿਭਾਉਣੀ ਔਖੀ ਹੈ।

ਗੁਰੂ ਜੀ ਨੇ ਕਿਹਾ ਕਿ ਬਖਸ਼ਨਹਾਰ ਤਾਂ ਪ੍ਰਮਾਤਮਾ ਹੀ ਹੈ, ਪਰ ਰਣਤੱਤੇ ਵਿਚ ਪਿੱਠ ਦਿਖਾਣੀ ਖਾਲਸੇ ਦਾ ਕੰਮ ਨਹੀਂ ਹੈ। ਜੋ ਸਰਕਾਰ ਨਾਲ ਸੁਲ੍ਹਾ ਦੀ ਗੱਲ ਕਰਦੇ ਹੋ, ਮੇਰੀ ਕਿਸੇ ਨਾਲ ਕੋਈ ਲੜਾਈ ਨਹੀਂ, ਪਰ ਜ਼ੁਲਮ ਵਿਰੁੱਧ ਲੜਨਾ ਮੇਰਾ ਤੇ ਖਾਲਸੇ ਦਾ ਧਰਮ ਹੈ। ਤੁਸੀਂ ਸੱਚੇ ਸਿੰਘ ਹੋ ਤਾਂ ਮੈਦਾਨ ਵਿੱਚ ਨਿਤਰੋ।

ਉਸੇ ਵੇਲੇ ਸੂਹੀਏ ਤੋਂ ਵਜ਼ੀਦ ਖਾਂ ਦੀ ਫੌਜ ਨੇੜੇ ਪਹੁੰਚਣ ਦੀ ਖ਼ਬਰ ਮਿਲਣ ਤੇ ਗੁਰੂ ਜੀ ਤੇ ਉਨ੍ਹਾਂ ਦੇ ਸਾਥੀ ਉਥੋਂ ਖਿਦਰਾਣੇ ਦੀ ਢਾਬ ਵੱਲ ਚੱਲ ਪਏ ਤੇ ਖ਼ਿਦਰਾਣੇ ਦੀ ਢਾਬ ਦੇ ਨੇੜੇ ਇਕ ਉੱਚੀ ਜਗ੍ਹਾ ਤੇ ਮੋਰਚੇ ਬਣਾ ਲਏ।

ਗੁਰੂ ਜੀ ਤੇ ਉਨ੍ਹਾਂ ਦੇ ਸਾਥੀਆਂ ਦੇ ਜਾਣ ਤੋਂ ਬਾਦ ਮਾਝੇ ਤੋਂ ਆਏ ਜੱਥੇ ਵਿੱਚ ਵਿਚਾਰਾਂ ਹੋਈਆਂ। ਭਾਈ ਮਹਾਂ ਸਿੰਘ ਨੇ ਕਿਹਾ ਕਿ ਇਸ ਸਮੇਂ ਗੁਰੂ ਜੀ ਦਾ ਸਾਥ ਛੱਡਣਾ ਠੀਕ ਨਹੀਂ ਹੈ ਤੇ ਉਹ ਗੁਰੂ-ਹਿਤ ਸੀਸ ਦੇਵੇਗਾ।

### ਮਾਈ ਭਾਗੋ ਜੀ ਦੀ ਲਲਕਾਰ

ਮਾਈ ਭਾਗੋ ਜੀ ਦੀ ਲਲਕਾਰ ਨਾਲ ਕੁਝ ਹੋਰ ਸਿੰਘ ਵੀ ਮੁਗ਼ਲ ਫ਼ੌਜਾਂ ਨਾਲ ਲੋਹਾ ਲੈਣ ਲਈ ਤਿਆਰ ਹੋ ਗਏ ਅਤੇ 'ਖਿਦਰਾਣੇ ਦੀ ਢਾਬ' (ਹੁਣ ਦੇ ਮੁਕਤਸਰ) ਵੱਲ ਚੱਲ ਪਏ। ਉਥੇ ਘਮਸਾਨ ਦੀ ਲੜਾਈ ਵਿੱਚ ਸਾਰੇ 40 ਸਿੰਘ ਸ਼ਹੀਦ ਹੋ ਗਏ ਤੇ ਮਾਈ ਭਾਗੋ ਜ਼ਖ਼ਮੀ ਹੋ ਗਈ। ਇਸ ਲੜਾਈ ਦਾ ਬਿਰਤਾਂਤ "ਸਾਂਝੀ ਵਿਰਾਸਤ" ਜਨਵਰੀ 2024 ਵਿੱਚ ਹੈ।

ਨੋਟ:

"ਸਾਂਝੀ ਵਿਰਾਸਤ" ਵਿਚ "ਬੇਦਾਵੇ" ਬਾਰੇ ਹੋਰ ਵਿਚਾਰ ਲੇਖ ਦੇ ਅਗਲੇ ਭਾਗਾਂ ਵਿਚ ਪੜ੍ਹਨ ਦੀ ਕ੍ਰਿਪਾ ਕਰੋ ਜੀ।

# ਛੇੜ ਮਰਦਾਨਿਆਂ ਰਬਾਬ ... (ਗੀਤ)

ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ,   ਕੈਲਗਰੀ (ਕੈਨੇਡਾ)



ਤਪਦੀ ਲੋਕਾਈ ਤਾਂਈਂ ਠੰਢ ਵਰਤਾਈਏ।
ਛੇੜ ਮਰਦਾਨਿਆਂ ਰਬਾਬ ਬਾਣੀ ਆਈ ਏ।

ਜੱਗ ਦੀਆਂ ਪੀੜਾਂ ਹੁਣ ਜਾਂਦੀਆਂ ਨਾ ਥੰਮ੍ਹੀਆਂ,
ਕਰਨੀਆਂ ਪੈਣੀਆਂ ਉਦਾਸੀਆਂ ਨੇ ਲੰਮੀਆਂ।
ਰੱਬੀ ਫੁਰਮਾਨ ਜਾ ਕੇ ਲੋਕਾਂ ਨੂੰ ਸੁਣਾਈਏ।
ਛੇੜ...

ਕਿਸੇ ਠਗ ਸੱਜਣਾਂ ਦਾ ਭੇਸ ਹੈ ਬਣਾ ਲਿਆ।
ਭੋਲੇ ਭਾਲੇ ਲੋਕਾਂ ਨੂੰ ਹੈ ਜਾਲ਼ 'ਚ ਫਸਾ ਲਿਆ।
ਕੌਡੇ ਜਿਹੇ ਰਾਖਸ਼ਾਂ ਨੂੰ ਸਿੱਧੇ ਰਾਹੇ ਪਾਈਏ।
ਛੇੜ...





ਕਿਰਤੀ ਹਾਂ ਆਪਾਂ ਅਤੇ ਲਾਲੋ ਸਾਡਾ ਭਾਈ ਏ।
ਵੱਡਿਆਂ ਦੀ ਦੋਸਤੀ ਨਾ ਸਾਨੂੰ ਰਾਸ ਆਈ ਏ।
ਭਾਗੋ ਦਿਆਂ ਪੂੜਿਆਂ ਨੂੰ ਆਪਾਂ ਠੁਕਰਾਈਏ।
ਛੇੜ...

ਕੂੜ ਦਾ ਹੀ ਚਾਰੇ ਪਾਸੇ ਚੜ੍ਹਿਆ ਗੁਬਾਰ ਹੈ।
ਪਾਪਾਂ ਵਾਲੀ ਮੈਲ਼ ਨਾਲ ਮਚੀ ਹਾਹਾਕਾਰ ਹੈ।
ਸਤਿ ਕਰਤਾਰ ਵਾਲਾ ਨਾਦ ਜਾ ਵਜਾਈਏ।
ਛੇੜ...

ਚਾਰੇ ਹੀ  ਦਿਸ਼ਾਵਾਂ ਵੱਲ ਜਾਣ ਦਾ ਸਬੱਬ ਹੈ।
ਇੱਕ ਥਾਂ ਨਹੀਂ ਰਹਿੰਦਾ ਕਣ ਕਣ ਵਿੱਚ ਰੱਬ ਹੈ।
'ਦੀਸ਼' ਜਿਹੇ ਭੁੱਲੜਾਂ ਨੂੰ ਰਸਤਾ ਦਿਖਾਈਏ।
ਛੇੜ...

# ਗੁਰੂ ਨਾਨਕ ਸਾਹਿਬ ਦੀਆਂ ਯਾਤਰਾਵਾਂ

(The Travels of Guru Nanak Sahib)




ਗੁਰੂ ਨਾਨਕ ਸਾਹਿਬ ਦੀਆਂ ਯਾਤਰਾਵਾਂ (ਉਦਾਸੀਆਂ)

1507-1515 : ਸ੍ਰੀ ਲੰਕਾ (ਸੰਗਲ ਦੀਪ, ਸੀਲੋਨ), ਦੱਖਣੀ ਭਾਰਤ
1517-1518 : ਕਸ਼ਮੀਰ, 'ਸੁਮੇਰ' ਪਰਬਤ, ਰੂਸ, ਸਿੱਕਮ, ਤਿੱਬਤ
1519-1521 : ਮੱਕਾ, ਮਦੀਨਾ, ਇਰਾਕ, ਹੋਰ ਕਈ ਅਰਬ ਮੁਲਕ
1521-1524 : ਭਾਰਤ ਵਿਚ (ਪੰਜਾਬ, ਅਤੇ ਕਈ "ਤੀਰਥਾਂ" ਤੇ)

ਗੁਰੂ ਨਾਨਕ ਸਾਹਿਬ ਨੇ, ਬਿਨਾ ਕਿਸੇ ਦੀ ਮਦਦ ਲਏ, ਬਿਨਾ ਕਿਸੇ ਲਾਲਚ ਦੇ, ਸੰਸਾਰ ਨੂੰ ਇੱਕੋ ਇੱਕ ਪ੍ਰਮਾਤਮਾ ਦੀ ਸੱਚੀ ਭਗਤੀ, ਮਨੁੱਖੀ ਬਰਾਬਰੀ, ਸੱਚਾ ਜੀਵਨ ਜੀਣ, ਸਾਂਝੀਵਾਲਤਾ, ਭਾਈਚਾਰੇ ਅਤੇ ਕੁਦਰਤ ਦਾ ਗਿਆਨ ਦਿੱਤਾ। ਲੋਕਾਂ ਨੂੰ ਵਹਿਮਾਂ-ਭਰਮਾਂ, ਅੰਧ-ਵਿਸ਼ਵਾਸਾਂ ਅਤੇ ਜ਼ਾਤ-ਪਾਤ ਦੇ ਦਲਦਲ ਵਿਚੋਂ ਬਾਹਰ ਕੱਢਿਆ। ਸਨਿਆਸ, ਜੋਗ, ਕਰਾਮਾਤਾਂ ਆਦਿ ਦੀ ਬਜਾਏ ਗ੍ਰਹਿਸਤ ਵਿਚ ਰਹਿ ਕੇ (ਇੱਕ ਪਰਮੇਸ਼ਵਰ) ਦਾ ਨਾਮ ਜਪਣ, ਕਿਰਤ ਕਰਨ ਅਤੇ ਵੰਡ ਛਕਣ ਦਾ ਉਪਦੇਸ਼ ਦਿੱਤਾ। ਵਾਪਸ ਪਰਤ ਕੇ ਕਰਤਾਰਪੁਰ ਵਸਾਇਆ ਅਤੇ ਖੇਤੀ ਕੀਤੀ। ਹਰ ਧਰਮ, ਹਰ ਮੁਲਕ ਦੇ ਲੋਕਾਂ ਤੋਂ ਸਦੀਵੀ ਸਤਿਕਾਰ ਮਿਲਿਆ।


By Ransher Raj Singh,
Student, Sir Winston Churchil School, Calgary (Canada)

## ਗੁਰੂ ਨਾਨਕ ਤੇਰੀ ਬਾਣੀ

ਸਰਦਾਰ ਜਸਵਿੰਦਰ ਸਿੰਘ 'ਰੁਪਾਲ', ਲੁਧਿਆਣਾ (ਭਾਰਤ)



ਸਦਾ ਜੀਣਾ ਸਿਖਾਂਦੀ ਏ, ਗੁਰੂ ਨਾਨਕ ਤੇਰੀ ਬਾਣੀ।

ਮਿਟਾਂਦੀ ਏ ਬਣਾਂਦੀ ਏ, ਗੁਰੂ ਨਾਨਕ ਤੇਰੀ ਬਾਣੀ।

ਭੁਲਾ ਕੇ ਵਿਤਕਰੇ ਨਸਲਾਂ, ਇਲਾਕੇ, ਰੰਗ ਜਾਤਾਂ ਦੇ,

ਗਲ਼ੇ ਸਭ ਨੂੰ ਲਗਾਂਦੀ ਏ, ਗੁਰੂ ਨਾਨਕ ਤੇਰੀ ਬਾਣੀ।

ਕਦੇ ਕਾਦਰ ਤੋਂ ਜਾ ਵਾਰੀ, ਕਦੇ ਬਲਿਹਾਰ ਕੁਦਰਤ ਤੋਂ,

ਅਗੰਮੀ-ਧੁਨ ਸੁਣਾਂਦੀ ਏ, ਗੁਰੂ ਨਾਨਕ ਤੇਰੀ ਬਾਣੀ।

ਜ਼ੁਲਮ ਹੁੰਦਾ ਨਜ਼ਰ ਆਵੇ, ਤਦੇ ਜ਼ਾਲਮ ਦੇ ਹੋ ਸਾਹਵੇਂ,

ਦਿਨੇ ਤਾਰੇ ਦਿਖਾਂਦੀ ਏ, ਗੁਰੂ ਨਾਨਕ ਤੇਰੀ ਬਾਣੀ।

ਲੁਟਾ ਕੇ ਹੱਕ ਜੋ ਬੈਠੇ, ਬਣੇ ਹਨ ਲਾਸ਼ ਜੋ ਜਿੰਦਾ,

ਉਨ੍ਹਾਂ ਵਿਚ ਜਿੰਦ ਪਾਂਦੀ ਏ, ਗੁਰੂ ਨਾਨਕ ਤੇਰੀ ਬਾਣੀ।

ਸ਼ਬਦ ਸੰਗੀਤ ਵਿੱਚ ਘੁਲ਼ ਕੇ, ਚੁਪਾਸੀਂ ਨੂਰ ਫੈਲਾਵੇ,

ਦਿਲੇ-ਤਰਬਾਂ ਜਗਾਂਦੀ ਏ, ਗੁਰੂ ਨਾਨਕ ਤੇਰੀ ਬਾਣੀ।

ਵਪਾਰੀਂ ਬਣ ਜੁੜੇ ਬਿਰਤੀ,ਕਿਤੇ ਮਾਲਕ ਦੀ ਯਾਦ ਅੰਦਰ,

ਕਹਿ ਤੇਰਾ ਸਭ ਲੁਟਾਂਦੀ ਏ, ਗੁਰੂ ਨਾਨਕ ਤੇਰੀ ਬਾਣੀ।

ਹਲੂਣੇ ਭਾਗ "ਭਾਗੋ" ਦੇ, ਤੇ "ਲਾਲੋ "ਲਾਲ ਹੋ ਜਾਵੇ,

ਕਿਰਤ ਤਾਈਂ ਸਲਾਂਹਦੀ ਏ, ਗੁਰੂ ਨਾਨਕ ਤੇਰੀ ਬਾਣੀ।

ਕਰੇ ਜੋ ਸਿੱਧ ਵੀ ਸਿੱਧੇ, ਚਲਾ ਕੇ ਸ਼ਬਦ ਦਾ ਜਾਦੂ,

ਭਰਮ ਪਰਦੇ ਹਟਾਂਦੀ ਏ, ਗੁਰੂ ਨਾਨਕ ਤੇਰੀ ਬਾਣੀ।

ਵਲੀ ਦੇ ਵਲ ਕਰੇ ਸਿੱਧੇ, ਜੁ ਬੈਠਾ ਹਉ ਦੇ ਪਰਬਤ ਤੇ,

ਸਿਖਰ ਤੋਂ ਧੂਹ ਲਿਆਂਦੀ ਏ, ਗੁਰੂ ਨਾਨਕ ਤੇਰੀ ਬਾਣੀ।

ਗਵਾ ਕੇ ਰਾਖਸ਼ੀ ਬਿਰਤੀ, ਘਟਾ ਕੇ ਅਗਨ ਅੰਦਰ ਦੀ,

ਕਿਨੈਂ ਠੰਢੀ ਚਲਾਂਦੀ ਏ, ਗੁਰੂ ਨਾਨਕ ਤੇਰੀ ਬਾਣੀ।

ਇਹਦੇ ਜੋ ਤੀਰ ਅਣੀਆਲੇ, ਭੁਲਾਂਦੇ 'ਠੱਗ' ਦੀ ਠੱਗੀ,

ਬਣਾ 'ਸੱਜਣ' ਦਿਖਾਂਦੀ ਏ, ਗੁਰੂ ਨਾਨਕ ਤੇਰੀ ਬਾਣੀ।

ਇਹ ਆਵੇ ਖਸਮ ਦੇ ਦਰ ਤੋਂ, ਜਾ ਧੁਨ ਸੰਗੀਤ ਦੀ ਛਿੜਦੀ,

ਪਈ "ਵਾਹ ਵਾਹ" ਹੀ ਗਾਂਦੀ ਏ, ਗੁਰੂ ਨਾਨਕ ਤੇਰੀ ਬਾਣੀ।

ਨਵੇਂ ਰਾਹਾਂ ਨੂੰ ਰੁਸ਼ਨਾਵੇ, ਉਠਾਵੇ ਡਿੱਗਿਆਂ ਤਾਈਂ,

ਇਹ ਸੁੱਤਿਆਂ ਨੂੰ ਜਗਾਂਦੀ ਏ, ਗੁਰੂ ਨਾਨਕ ਤੇਰੀ ਬਾਣੀ।

ਕਰੇ ਤਕੜਾ ਪਈ ਮਨ ਨੂੰ, ਨਵਾਂ ਇਕ ਜੋਸ਼ ਵੀ ਦੇਵੇ,

ਕਸ਼ਟ ਸਭ ਹੀ ਮਿਟਾਂਦੀ ਏ, ਗੁਰੂ ਨਾਨਕ ਤੇਰੀ ਬਾਣੀ।

ਨਾ ਖੁਦ ਡਰਨਾ ਕਿਸੇ ਕੋਲੋਂ, ਡਰਾਣਾ ਨਾ ਕਿਸੇ ਤਾਈਂ,

ਸੁਰਤਿ ਉੱਚਾ ਉਠਾਂਦੀ ਏ, ਗੁਰੂ ਨਾਨਕ ਤੇਰੀ ਬਾਣੀ।

ਜੋ ਰੂਹ ਇਹਦੇ ਚ' ਭਿੱਜ ਜਾਵੇ, ਸਦਾ ਵਿਸਮਾਦ ਵਿਚ ਆਵੇ ਖੁਦਾ,

ਖੁਦ ਤੋਂ ਬਣਾਂਦੀ ਏ, ਗੁਰੂ ਨਾਨਕ ਤੇਰੀ ਬਾਣੀ।

ਕਰੀਂ ਬਖ਼ਸ਼ਿਸ਼ ਮੇਰੇ ਸਾਈਂ, ਮੇਰੇ ਰੋਮਾਂ ਚ' ਵਸ ਜਾਵੇ,

"ਰੁਪਾਲ" ਇਹ ਖਿੱਚ ਪਾਂਦੀ ਏ, ਗੁਰੂ ਨਾਨਕ ਤੇਰੀ ਬਾਣੀ।



ਗੁਰਪੁਰਬ ਤੇ ਵਿਸ਼ੇਸ਼–

### ਧੰਨ ਨਾਨਕ ਤੇਰੀ ਵੱਡੀ ਕਮਾਈ

ਸਰਦਾਰਨੀ ਗੁਰਦੀਸ਼ ਕੌਰ 'ਦੀਸ਼', ਕੈਲਗਰੀ (ਕੈਨੇਡਾ)

ਪਾਪਾਂ ਦਾ ਜਦ ਭਾਰ ਵਧ ਗਿਆ, ਧਰਤੀ ਰੋਈ ਤੇ ਕੁਰਲਾਈ।
'ਸਰਮ ਧਰਮ ਦੋਇ ਛਪਿ ਖਲੋਏ' ਕੂੜ ਹਨ੍ਹੇਰੀ ਜੱਗ ਤੇ ਛਾਈ।

ਸੱਜਣ ਬਣ ਜਦ ਲੁੱਟਣ ਲੱਗੇ, ਠੱਗਾਂ ਨੇ ਪਹਿਚਾਣ ਲੁਕਾਈ।
ਧੁੰਧ ਗੁਬਾਰ ਸੀ ਚਾਰੇ ਪਾਸੇ, ਮਾਨੁੱਖਤਾ ਕਿਧਰੇ ਮੁਰਝਾਈ।

ਮੱਸਿਆ ਦੀ ਇਸ ਕਾਲੀ ਰਾਤੇ, ਸਤਿ, ਸੰਤੋਖ ਨਾ ਕਿਤੇ ਸਚਾਈ।
ਪੁੰਨਿਆਂ ਦਾ ਚੰਨ ਬਣ ਤਦ ਆਇਉਂ, ਧੰਨ ਨਾਨਕ ਤੇਰੀ ਵੱਡੀ ਕਮਾਈ।

'ਜ਼ਾਹਰ ਪੀਰ ਜਗਤ ਗੁਰ ਬਾਬਾ' ਕਲਯੁੱਗ ਦੇ ਵਿੱਚ ਤਾਰਨ ਆਇਆ।
ਕਰਮ ਕਾਂਡਾਂ 'ਚੋਂ ਕੱਢ ਲੋਕਾਈ, ਇੱਕ ਓਂਕਾਰ ਦਾ ਸਬਕ ਪੜ੍ਹਾਇਆ।

ਵੀਹ ਰੁਪਏ ਦਾ ਲੰਗਰ ਲਾ ਕੇ, ਸੱਚਾ ਸੌਦਾ ਕਰ ਦਿਖਲਾਇਆ।
ਲਾਲੋ ਦੀ ਰੁੱਖੀ ਦੇ ਵਿਚੋਂ, ਸੁੱਚੀ ਕਿਰਤ ਦਾ ਦੁੱਧ ਵਗਾਇਆ।

ਤੇਰਾਂ ਤੇਰਾਂ ਤੋਲਦਿਆਂ ਹੀ, ਨਿਰੰਕਾਰ ਨਾਲ ਸੁਰਤ ਮਿਲਾਈ।
ਕਾਜ਼ੀ, ਪੰਡਤ ਪੈ ਗਏ ਪੈਰੀਂ, ਧੰਨ ਨਾਨਕ ਤੇਰੀ ਵੱਡੀ ਕਮਾਈ।

ਬਾਣੀ ਦੇ ਫੁਰਮਾਨ ਜੋ ਤੇਰੇ, ਸਾਡਾ ਰਾਹ ਰੁਸ਼ਨਾਈ ਜਾਂਦੇ।
ਉਨੀਂ ਰਾਗਾਂ ਦੇ ਵਿਚ ਸਾਨੂੰ, ਜੀਵਨ ਜਾਚ ਸਿਖਾਈ ਜਾਂਦੇ।

ਕਾਦਰ ਦੀ ਕੁਦਰਤ ਦੀ ਸੋਝੀ, ਨਾਲੋ ਨਾਲ ਕਰਾਈ ਜਾਂਦੇ।
'ਨਾਮ ਜਪਣ' ਤੇ 'ਵੰਡ ਛਕਣ' ਦਾ, ਸੁੱਚਾ ਪਾਠ ਪੜ੍ਹਾਈ ਜਾਂਦੇ।

ਮਰਦਾਨੇ ਵੀ ਸਾਥ ਨਿਭਾਇਆ, ਰਾਗਾਂ ਵਿੱਚ ਰਬਾਬ ਵਜਾਈ।
ਧੁਰ ਦਰਗਾਹੋਂ ਆਈ ਬਾਣੀ, ਧੰਨ ਨਾਨਕ ਤੇਰੀ ਵੱਡੀ ਕਮਾਈ।

ਜਿਸ ਔਰਤ ਨੂੰ ਜੁੱਤੀ ਕਹਿ ਕੇ, ਮਰਦਾਂ ਪੈਰਾਂ ਵਿੱਚ ਬਿਠਾਇਆ।
'ਸੋ ਕਿਉ ਮੰਦਾ ਆਖੀਐ' ਕਹਿ ਕੇ, ਉਸ ਨਾਰੀ ਨੂੰ ਤੂੰ ਵਡਿਆਇਆ।

ਆਪਣੇ ਹੱਥੀਂ ਹਲ ਚਲਾ ਕੇ, ਕਿਰਤ ਕਰਨ ਦਾ ਵੱਲ ਸਿਖਾਇਆ।
ਸੇਵਕ ਦੀ ਸੇਵਾ ਤੋਂ ਤੁੱਠ ਕੇ, ਉਸ ਨੂੰ ਆਪਣਾ ਅੰਗ ਬਣਾਇਆ।

ਬਾਬਰ ਨੂੰ ਵੀ ਜਾਬਰ ਕਹਿ ਕੇ, ਜ਼ੁਲਮ ਜਬਰ ਨੂੰ ਸੀ ਠੱਲ੍ਹ ਪਾਈ।
ਤੇਰੇ ਜਿਹਾ ਦਲੇਰ ਨਾ ਕੋਈ, ਧੰਨ ਨਾਨਕ ਤੇਰੀ ਵੱਡੀ ਕਮਾਈ।

ਹਿੰਦੂ ਮੁਸਲਿਮ ਦੋਹਾਂ ਦੇ ਵਿੱਚ, ਤੈਨੂੰ ਫਰਕ ਰਤਾ ਨਾ ਕੋਈ।
ਦੋਹਾਂ ਨੂੰ ਹੀ ਬਾਣੀ ਆਖੇ, ਸ਼ੁਭ ਅਮਲਾਂ ਦੇ ਬਾਝੋਂ ਰੋਈ।

ਜਾਤ ਪਾਤ ਦਾ ਭੇਦ ਮਿਟਾ ਕੇ, ਸ੍ਰਿਸ਼ਟੀ ਇੱਕੋ ਸੂਤ ਪਰੋਈ।
ਸਤਿ- ਸੰਗਤ ਦਾ ਫੜ ਕੇ ਚੱਪੂ, ਭਵ ਸਾਗਰ ਨੂੰ ਤਰ ਲਏ ਕੋਈ।

ਕੌਡੇ ਵਰਗੇ ਰਾਖਸ਼ ਤਾਰੇ, ਜੋਗੀਆਂ ਸੰਗ ਵੀ ਗੋਸ਼ਟਿ ਰਚਾਈ।
ਸਿੱਧਾਂ ਨੇ ਵੀ ਕਹਿ ਦਿੱਤਾ ਸੀ, ਧੰਨ ਨਾਨਕ ਤੇਰੀ ਵੱਡੀ ਕਮਾਈ।

ਨਾ ਉੱਚਾ ਨਾ ਨੀਵਾਂ ਕੋਈ, ਨਾਨਕ- ਬਾਣੀ ਦਏ ਦੁਹਾਈ।
'ਸਭਨਾ ਜੀਆ ਕਾ ਇੱਕ ਦਾਤਾ' ਸਭ ਵਿੱਚ ਇੱਕੋ ਜੋਤਿ ਟਿਕਾਈ।

ਪਵਣ ਗੁਰੂ ਤੇ ਪਿਤਾ ਹੈ ਪਾਣੀ, ਧਰਤੀ ਮਾਂ ਦੇ ਹਾਂ ਕਰਜ਼ਾਈ।
ਜਪੁਜੀ ਸਾਹਿਬ ਦੀ ਬਾਣੀ ਆਖੇ, ਚੱਲਣਾ ਪੈਣਾ ਹੁਕਮ ਰਜ਼ਾਈ।

ਸੱਚ ਦਾ ਸੂਰਜ ਚੜ੍ਹ ਕੇ ਆਇਆ, ਚਾਰੇ ਚੱਕ ਕੀਤੀ ਰੁਸ਼ਨਾਈ।
'ਦੀਸ਼' ਨਹੀਂ, ਕੁੱਲ ਆਲਮ ਆਖੇ, ਧੰਨ ਨਾਨਕ ਤੇਰੀ ਵੱਡੀ ਕਮਾਈ।

## ਸਦਾ ਸੁਖ ਲਈ ਨਾਮ ਜਪਣਾਂ ਜਰੂਰੀ

ਦਾਸੀ ਦਵਿੰਦਰ ਕੌਰ (ਬਰੈਂਮਪਟਨ), ਅਤੇ ਡਾ. ਕਾਬਲ ਸਿੰਘ (ਐਡਮਿੰਟਨ)

ਗੁਰੂ ਗ੍ਰੰਥ ਸਾਹਿਬ ਵਿਚ ਨਾਮ ਸ਼ਬਦ 6000 ਵਾਰ ਅੰਕਿਤ ਹੈ। ਮਹਾਂਨ ਕੋਸ਼ ਅਨੁਸਾਰ, ਗੁਰਬਾਣੀ ਵਿਚ ਨਾਮ ਦਾ ਅਰਥ ਕਰਤਾਰ ਅਤੇ ਉਸ ਦਾ ਹੁਕਮ ਹੈ। ਨਾਮ ਜਪਣਾ (ਚਿੰਤਨ) ਗੁਰਮਤ ਵਿਚ ਲਿਵ ਲਾ ਕੇ ਅਨੰਦ (ਸਦਾ ਸੁਖ, ਨਾਮਰਸ) ਪ੍ਰਾਪਤ ਕਰਨਾ ਹੈ। ਜਿਵੇਂ ਕਿ,

"ਨਾਮ ਕੇ ਧਾਰੇ ਸਗਲੇ ਜੰਤ॥ ਨਾਮ ਕੇ ਧਾਰੇ ਖੰਡ ਬ੍ਰਹਮੰਡ॥ {ਪੰਨਾ 284}

ਮੁਸੀਬਤ (ਰਿਸ਼ਤੇਦਾਰ ਦੀ ਮੌਤ, ਬਿਮਾਰੀ, ਪੈਸੇ ਦੀ ਘਾਟ, ਆਦਿ) ਵੇਲੇ ਅਸੀਂ ਚਿੰਤਾ ਵਿਚ ਪੈ ਜਾਂਦੇ ਹਾਂ ਜਾਂ ਮਨ ਛੋਟਾ ਕਰ ਲੈਂਦੇ ਹਾਂ। ਫਿਰ ਅਸੀਂ ਕੋਈ ਸਹਾਰਾ ਲਭਦੇ ਹਾਂ। ਗੁਰਬਾਣੀ ਦੇ ਅਧਾਰ ਤੇ ਸਾਡੀ ਨਿਮਾਣੀ ਜਿਹੀ ਕੋਸ਼ਿਸ਼ ਹੈ ਕਿ ਨਾਮ ਜਪਣ ਨਾਲ ਸਦਾ ਲਈ ਸੁਖ (ਅਨੰਦ) ਦੀ ਪ੍ਰਾਪਤੀ ਹੋ ਸਕਦੀ ਹੈ ਜੀ।

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥ ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥
{ਪੰਨਾ 8}

ਜਿਨ੍ਹਾਂ ਜੀਵਾਂ ਨੇ ਅਕਾਲ ਪੁਰਖ ਦਾ ਨਾਮ ਸਿਮਰਿਆ ਹੈ, ਉਹ ਆਪਣੀ ਮਿਹਨਤ ਸਫਲ ਕਰਕੇ ਉੱਜਲ ਮੁਖ ਵਾਲੇ ਹਨ। ਹੋਰ ਜੀਵ ਉਹਨਾਂ ਦੀ ਸੰਗਤਿ ਵਿਚ ਮਾਇਆ ਦੇ ਬੰਧਨਾਂ ਤੋਂ ਆਜ਼ਾਦ ਹੋ ਗਏ ਹਨ।

ਜੀਵਨ ਪਦੁ ਨਿਰਬਾਣੁ ਇਕੋ ਸਿਮਰੀਐ॥
ਦੂਜੀ ਨਾਹੀ ਜਾਇ ਕਿਨਿ ਬਿਧਿ ਧੀਰੀਐ॥
ਡਿਠਾ ਸਭੁ ਸੰਸਾਰੁ ਸੁਖੁ ਨ ਨਾਮ ਬਿਨੁ॥
ਤਨੁ ਧਨੁ ਹੋਸੀ ਛਾਰੁ ਜਾਣੈ ਕੋਇ ਜਨੁ॥
ਜੰਮਣੁ ਮਰਣੁ ਨ ਤਿਨ੍ਹ ਕਉ ਜੋ ਹਰਿ ਲੜਿ ਲਾਗੇ॥
ਜੀਵਤ ਸੇ ਪਰਵਾਣੁ ਹੋਏ ਹਰਿ ਕੀਰਤਨਿ ਜਾਗੇ॥
ਨਾਇ ਵਿਸਰਿਐ ਧ੍ਰਿਗੁ ਜੀਵਣਾ ਤੂਟੇ ਕਚ ਧਾਗੇ॥
{ਪੰਨਾ 322}

ਸਭ ਤੋਂ ਉਚੀ ਆਤਮਕ ਅਵੱਸਥਾ (ਨਿਰਬਾਣੁ ਪਦੁ) ਉਹ ਪਰਮੇਸ਼ਵਰ ਦੇ ਸਿਮਰਨ ਨਾਲ ਹੀ ਮਿਲਦੀ ਹੈ।

ਸਾਰਾ ਸੰਸਾਰ ਵੇਖ ਕੇ ਪਤਾ ਲਗਦਾ ਹੈ ਕਿ ਹੋਰ ਕਿਸੇ ਢੰਗ ਨਾਲ ਮਨ ਨੂੰ ਸੁਖ ਨਹੀਂ ਮਿਲ ਸਕਦਾ। ਕਿਸੇ ਵਿਰਲੇ ਨੂੰ ਹੀ ਸਮਝ ਪੈਂਦੀ ਹੈ ਕਿ ਸੰਸਾਰਕ ਪਦਾਰਥ ਮਿੱਟੀ ਬਰਾਬਰ ਹਨ। ਜਿਹੜੇ ਪ੍ਰਭੂ ਦਾ ਨਾਮ ਜਪਦੇ ਹਨ, ਉਨ੍ਹਾਂ ਦਾ ਜਨਮ ਮਰਣ ਦਾ ਗੇੜ ਖਤਮ ਹੋ ਜਾਂਦਾ ਹੈ ਅਤੇ ਜਿਊਂਦੇ ਹੀ ਪਰਮੇਸ਼ਵਰ ਦੇ ਪ੍ਰਵਾਨ ਹੋ ਜਾਂਦੇ ਹਨ। ਨਾਮ ਵਿਸਰ ਜਾਵੇ ਤਾਂ ਜੀਵਨ ਕਚੇ ਧਾਗੇ ਵਾਂਗ ਕਿਸੇ ਵੇਲੇ ਟੁਟ ਸਕਦਾ ਹੈ।

ਤਿਸੁ ਆਗੈ ਜਨ ਕਰਿ ਬੇਨੰਤੀ ਜੋ ਸਰਬ ਸੁਖਾ ਕਾ ਦਾਣੀ ਹੇ॥ {ਪੰਨਾ 1070}

ਗੁਰੂ ਜੀ ਫੁਰਮਾਉਂਦੇ ਹਨ ਕਿ ਪ੍ਰਮੇਸ਼ਵਰ ਅੱਗੇ ਅਰਦਾਸ ਕਰੋ ਜੋ ਕਿ ਸਾਰੇ ਸੁਖ ਦੇਣ ਵਾਲਾ ਹੈ।

ਊਠਤ ਸੁਖੀਆ ਬੈਠਤ ਸੁਖੀਆ॥ ਭਉ ਨਹੀ ਲਾਗੈ ਜਾਂ ਐਸੇ ਬੁਝੀਆ॥ ਸੋਇ ਅਚਿੰਤਾ ਜਾਗਿ ਅਚਿੰਤਾ॥ ਜਹਾ ਕਹਾਂ ਪ੍ਰਭੁ ਤੂੰ ਵਰਤੰਤਾ॥ ਘਰਿ ਸੁਖਿ ਵਸਿਆ ਬਾਹਰਿ ਸੁਖੁ ਪਾਇਆ॥ ਕਹੁ ਨਾਨਕ ਗੁਰਿ ਮੰਤ੍ਰ ਦ੍ਰਿੜਾਇਆ॥ {ਪੰਨਾ 1136}

ਉਪਰ ਲਿਖੀਆਂ ਗੁਰਬਾਣੀ ਦੀਆਂ ਤੁਕਾਂ ਸਾਫ ਦਸਦੀਆਂ ਹਨ ਕਿ ਜਦੋਂ ਅਸੀਂ ਪ੍ਰਭੂ ਦਾ ਹਾਰਾ ਲੈਂਦੇ ਹਾਂ, ਜਿਸ ਦੇ ਹੱਥ ਵਿਚ ਸਭ ਕੁਝ ਹੈ, ਤਾਂ ਸਾਡੀ ਚਿੰਤਾ ਘਟਣੀ ਸ਼ੁਰੂ ਹੋ ਜਾਦੀ ਹੈ। ਸਾਨੂੰ ਹੌਂਸਲਾ ਮਿਲਦਾ ਹੈ ਕਿ ਉਹ ਪਰਮਾਤਮਾ ਹੀ ਸਭ ਕੁਝ ਕਰਨ ਵਾਲਾ ਹੈ।

ਨਾਮ ਜਪਣ ਨਾਲ ਜੀਵ ਨੂੰ ਸਮਝ ਲਗ ਜਾਂਦੀ ਹੈ ਕਿ ਪਰਮਾਤਮਾ ਹੀ ਸਭ ਦੀ ਰੱਖਿਆ ਕਰਨ ਵਾਲਾ ਹੈ। ਉਸਨੂੰ ਸਭ ਪਤਾ ਹੈ ਕਿ ਸਾਡੇ ਦਿਲ ਵਿਚ ਕੀ ਦੁਖ ਤਕਲੀਫ ਚਲ ਰਹੀ ਹੈ। ਅਸੀਂ ਕਿਸ ਕਾਰਨ ਚਿੰਤਾਤੁਰ ਹਾਂ।

ਜੀਵ ਉਠਦਿਆਂ ਬੈਠਦਿਆਂ ਹਮੇਸ਼ਾ ਹੀ ਆਤਮਕ ਅਨੰਦ ਦੀ ਅਵਸਥਾ ਵਿਚ ਰਹਿੰਦਾ ਹੈ। ਫਿਰ ਜੀਵ ਨਿਸਚਿੰਤ ਹੋ ਜਾਂਦਾ ਹੈ।ਗੁਰੂ ਜੀ ਕਹਿੰਦੇ ਹਨ ਜਦੋਂ ਜੀਵ ਦੇ ਮਨ ਵਿਚ ਪਰਮਾਤਮਾ ਦੇ ਨਾਮ ਦਾ ਮੰਤ੍ਰ ਦ੍ਰਿੜ ਜਾਵੇ ਤਾਂ ਉਸਦੇ ਜੀਵਨ ਵਿਚ ਘਰ ਤੇ ਬਾਹਰ ਸੁਖ ਆ ਜਾਂਦਾ ਹੈ। ਸਮਝ ਆ ਜਾਂਦੀ ਹੈ ਕਿ ਉਸਨੇ ਹੀ ਸਭ ਕੁਝ ਦੇਣਾ ਹੈ ਤਾਂ ਜੀਵ ਆਤਮਕ ਤੌਰ ਤੇ ਅਨੰਦਮਈ ਹੋ ਜਾਂਦਾ ਹੈ।

ਇਹੁ ਧਨੁ ਮੇਰੇ ਹਰਿ ਕੋ ਨਾਉ ॥ ਗਾਂਠਿ ਨ ਬਾਧਉ ਬੇਚਿ ਨ ਖਾਉ॥ ਰਹਾਉ ॥ ਨਾਉ ਮੇਰੇ ਖੇਤੀ ਨਾਉ ਮੇਰੇ ਬਾਰੀ॥ ਭਗਤਿ ਕਰਉ ਜਨੁ ਸਰਨਿ ਤੁਮ੍ਹਾਰੀ॥ ਨਾਉ ਮੇਰੇ ਮਾਇਆ ਨਾਉ ਮੇਰੇ ਪੂੰਜੀ ॥ ਤੁਮਹਿ ਛੋਡਿ ਜਾਨਉ ਨਹੀ ਦੂਜੀ॥ ਨਾਉ ਮੇਰੇ ਬੰਧਿਪ ਨਾਉ ਮੇਰੇ ਭਾਈ ॥ ਨਾਉ ਮੇਰੇ ਸੰਗਿ ਅੰਤਿ ਹੋਇ ਸਖਾਈ॥ {ਪੰਨਾ 1157}॥

ਪ੍ਰਭੂ ਦਾ ਇਹ ਨਾਮ ਹੀ ਮੇਰੇ ਲਈ ਧਨ ਹੈ। ਮੈਂ ਨਾ ਤਾਂ ਇਸ ਨੂੰ ਲੁਕਾ ਕੇ ਰੱਖਦਾ ਹਾਂ, ਤੇ ਨਾ ਹੀ ਵਿਖਾਵੇ ਲਈ ਵਰਤਦਾ ਹਾਂ। ਮੇਰੇ ਲਈ ਪ੍ਰਭੂ ਦਾ ਨਾਮ ਹੀ ਖੇਤੀ ਹੈ, ਤੇ ਨਾਮ ਹੀ ਬਗ਼ੀਚੀ ਹੈ। ਹੇ ਪ੍ਰਭੂ! ਮੈਂ ਤੇਰਾ ਦਾਸ ਤੇਰੀ ਹੀ ਸ਼ਰਨ ਹਾਂ, ਤੇ ਤੇਰੀ ਭਗਤੀ ਕਰਦਾ ਹਾਂ। ਤੇਰਾ ਨਾਮ ਹੀ ਮੇਰੇ ਲਈ ਮਾਇਆ ਹੈ ਤੇ ਮੇਰੀ ਰਾਸ-ਪੂੰਜੀ ਹੈ। ਤੈਨੂੰ ਵਿਸਾਰ ਕੇ ਮੈਂ ਕਿਸੇ ਹੋਰ ਰਾਸ-ਪੂੰਜੀ ਨਾਲ ਸਾਂਝ ਨਹੀਂ ਬਣਾਂਦਾ। ਪ੍ਰਭੂ ਦਾ ਨਾਮ ਹੀ ਮੇਰਾ ਰਿਸ਼ਤੇਦਾਰ ਹੈ, ਨਾਮ ਹੀ ਮੇਰਾ ਭਰਾ ਹੈ; ਨਾਮ ਹੀ ਆਖ਼ਰ ਨੂੰ ਸਹਾਇਤਾ ਕਰਨ ਵਾਲਾ ਹੈ।

ਫਰੀਦਾ ਤਿਨਾ ਮੁਖ ਡਰਾਵਣੇ ਜਿਨਾ ਵਿਸਾਰਿਓਨੁ ਨਾਉ॥ ਐਥੈ ਦੁਖ ਘਣੇਰਿਆ ਅਗੈ ਠਉਰ ਨ ਠਾਉ॥ {ਪੰਨਾ 1383}॥

ਹੇ ਫਰੀਦ! ਜਿਨ੍ਹਾਂ ਨੇ ਪਰਮਾਤਮਾ ਦਾ ਨਾਮ ਭੁਲਾਇਆ ਹੋਇਆ ਹੈ, ਉਹਨਾਂ ਦੇ ਮੂੰਹ ਡਰਾਉਣੇ ਲੱਗਦੇ ਹਨ। ਜਿਤਨਾ ਚਿਰ ਉਹ ਇਥੇ ਜਿਊਂਦੇ ਹਨ, ਉਹਨਾਂ ਨੂੰ ਕਈ ਦੁੱਖ ਵਾਪਰਦੇ ਹਨ, ਤੇ ਅਗਾਂਹ ਵੀ ਉਹਨਾਂ ਨੂੰ ਕੋਈ ਥਾਂ-ਥਿੱਤਾ ਨਹੀਂ।

ਗੁਰਿ ਪੂਰੈ ਹਰਿ ਨਾਮੁ ਦਿੜਾਇਆ ਜਿਨਿ ਵਿਚਹੁ ਭਰਮੁ ਚੁਕਾਇਆ ॥ ਰਾਮ ਨਾਮੁ ਹਰਿ ਕੀਰਤਿ ਗਾਇ ਕਰਿ ਚਾਨਣੁ ਮਗੁ ਦੇਖਾਇਆ ॥ ਹਉਮੈ ਮਾਰਿ ਏਕ ਲਿਵ ਲਾਗੀ ਅੰਤਰਿ ਨਾਮੁ ਵਸਾਇਆ ॥ ਗੁਰਮਤੀ ਜਮੁ ਜੋਹਿ ਨ ਸਕੈ ਸਚੈ ਨਾਇ ਸਮਾਇਆ ॥ ਸਭੁ ਆਪੇ ਆਪਿ ਵਰਤੈ ਕਰਤਾ ਜੋ ਭਾਵੈ ਸੋ ਨਾਇ ਲਾਇਆ ॥ ਜਨ ਨਾਨਕੁ ਨਾਉ ਲਏ ਤਾਂ ਜੀਵੈ ਬਿਨੁ ਨਾਵੈ ਖਿਨੁ ਮਰਿ ਜਾਇਆ॥ {ਪੰਨਾ 1424}॥

ਪੂਰੇ ਗੁਰੂ ਨੇ ਪਰਮਾਤਮਾ ਦਾ ਨਾਮ ਪੱਕਾ ਕੀਤਾ ਹੈ, ਜਿਸ ਨੇ ਅੰਦਰੋਂ ਭਟਕਣਾ ਮੁਕਾਈ ਹੈ। ਪਰਮਾਤਮਾ ਦਾ ਨਾਮ ਸਿਮਰ ਕੇ, ਉਸ ਦੀ ਸਿਫ਼ਤਿ-ਸਾਲਾਹ ਕਰਕੇ, ਗਾ ਕੇ ਚਾਨਣ ਪੈਦਾ ਕਰ ਕੇ ਆਤਮਕ ਜੀਵਨ ਦਾ ਸਹੀ ਰਸਤਾ ਵਿਖਾਇਆ ਹੈ।

ਹਉਮੈ ਦੂਰ ਕਰ ਕੇ ਜਿਸ ਨੂੰ ਇਕ ਪਰਮਾਤਮਾ ਦੀ ਲਗਨ ਲੱਗ ਗਈ, ਹਿਰਦੇ ਵਿਚ ਪਰਮਾਤਮਾ ਦਾ ਨਾਮ ਵਸਾ ਲਿਆ। ਗੁਰੂ ਦੀ ਮੱਤ ਉਤੇ ਤੁਰਨ ਦੇ ਕਾਰਨ ਜਮਰਾਜ ਭੀ ਤੱਕ ਨਹੀਂ ਸਕਦਾ, ਸਦਾ-ਥਿਰ ਹਰਿ-ਨਾਮ ਵਿਚ ਲੀਨ ਰਹਿੰਦਾ ਹੈ। ਹਰ ਥਾਂ ਕਰਤਾਰ ਆਪ ਹੀ ਆਪ ਮੌਜੂਦ ਹੈ, ਜਿਹੜਾ ਮਨੁੱਖ ਉਸ ਨੂੰ ਚੰਗਾ ਲੱਗ ਪੈਂਦਾ ਹੈ ਉਸ ਨੂੰ ਆਪਣੇ ਨਾਮ ਵਿਚ ਜੋੜ ਲੈਂਦਾ ਹੈ।

ਦਾਸ ਨਾਨਕ ਨਾਮ ਜਪਦਾ ਹੈ ਤਦੋਂ ਆਤਮਕ ਜੀਵਨ ਹਾਸਲ ਕਰ ਲੈਂਦਾ ਹੈ। ਪਰਮਾਤਮਾ ਦੇ ਨਾਮ ਤੋਂ ਬਿਨਾ ਤਾਂ ਜੀਵ ਇਕ ਪਲ ਵਿਚ ਹੀ ਆਤਮਕ ਮੌਤ ਸਹੇੜ ਲੈਂਦਾ ਹੈ।

ਗੁਰੁ ਪੂਰਾ ਜਿਨ ਸਿਮਰਿਆ ਸੇਈ ਭਏ ਨਿਹਾਲ ॥ ਨਾਨਕ ਨਾਮੁ ਅਰਾਧਣਾ ਕਾਰਜੁ ਆਵੈ ਰਾਸਿ ॥{ਪੰਨਾ 1425}॥

ਜਿਸ ਜਿਸ ਜੀਵ ਨੇ ਪੂਰੇ ਗੁਰੂ ਨੂੰ ਚੇਤੇ ਰੱਖਿਆ, ਉਹ ਸਾਰੇ ਪ੍ਰਸੰਨ-ਚਿੱਤ ਹੋ ਗਏ। ਹੇ ਨਾਨਕ! ਨਾਮ ਸਿਮਰਨਾ ਚਾਹੀਦਾ ਹੈਂ ਜਿਸ ਨਾਲ ਜੀਵਨ-ਮਨੋਰਥ ਸਫਲ ਹੋ ਜਾਂਦਾ ਹੈ।

ਭੈ ਨਾਸਨ ਦੁਰਮਤਿ ਹਰਨ ਕਲਿ ਮੈ ਹਰਿ ਕੋ ਨਾਮੁ ॥ ਨਿਸਿ ਦਿਨੁ ਜੋ ਨਾਨਕ ਭਜੈ ਸਫਲ ਹੋਹਿ ਤਿਹ ਕਾਮ ॥ ਜਿਹਬਾ ਗੁਨ ਗੋਬਿੰਦ ਭਜਹੁ ਕਰਨ ਸੁਨਹੁ ਹਰਿ ਨਾਮੁ ॥ ਕਹੁ ਨਾਨਕ ਸੁਨਿ ਰੇ ਮਨਾ ਪਰਹਿ ਨ ਜਮ ਕੈ ਧਾਮ ॥ ॥{ਪੰਨਾ 1427}॥

ਪਰਮਾਤਮਾ ਦਾ ਨਾਮ ਹੀ ਸਾਰੇ ਡਰ ਨਾਸ ਕਰਨ ਵਾਲਾ ਹੈ, ਉਹੀ ਖੋਟੀ ਮੱਤ ਦੂਰ ਕਰਨ ਵਾਲਾ ਹੈ। ਜਿਹੜਾ ਮਨੁੱਖ ਪ੍ਰਭੂ ਦਾ ਨਾਮ ਰਾਤ ਦਿਨ ਜਪਦਾ ਰਹਿੰਦਾ ਹੈ ਉਸ ਦੇ ਸਾਰੇ ਕੰਮ ਨੇਪਰੇ ਚੜ੍ਹ ਜਾਂਦੇ ਹਨ।

ਪਰਮਾਤਮਾ ਦੇ ਗੁਣਾਂ ਦਾ ਜਾਪ ਕਰਿਆ ਕਰੋ, ਕੰਨਾਂ ਨਾਲ ਪਰਮਾਤਮਾ ਦਾ ਨਾਮ ਸੁਣਿਆ ਕਰੋ। ਹੇ ਨਾਨਕ! ਜਿਹੜੇ ਮਨੁੱਖ ਨਾਮ ਜਪਦੇ ਹਨ, ਉਹ ਜਮਾਂ ਦੇ ਵੱਸ ਨਹੀਂ ਪੈਂਦੇ।

ਜਗਤੁ ਭਿਖਾਰੀ ਫਿਰਤੁ ਹੈ ਸਭ ਕੋ ਦਾਤਾ ਰਾਮੁ ॥ ਕਹੁ ਨਾਨਕ ਮਨ ਸਿਮਰੁ ਤਿਹ ਪੂਰਨ ਹੋਵਹਿ ਕਾਮ ॥{ਪੰਨਾ 1428}॥

ਮੰਗਤਾ ਸੰਸਾਰ ਭਟਕਦਾ ਫਿਰਦਾ ਹੈ, ਸਭ ਨੂੰ ਦੇਣ ਵਾਲਾ ਪਰਮਾਤਮਾ ਹੈ। ਹੇ ਨਾਨਕ! ਉਸ ਦਾਤਾਰ ਪ੍ਰਭੂ ਦਾ ਸਿਮਰਨ ਕਰਦਾ ਰਿਹਾ ਕਰ, ਤੇਰੇ ਸਾਰੇ ਕੰਮ ਸਫਲ ਹੋਂਣਗੇ।

ਸਮੁਚਾ ਭਾਵ

ਗੁਰੂ ਗ੍ਰੰਥ ਸਾਹਿਬ ਵਿਚ ਬਹੁਤ ਵਾਰ ਲਿਖਿਆ ਹੈ ਕਿ ਨਾਮ ਜਪਣ ਨਾਲ ਸਭ ਸੁਖ ਪ੍ਰਾਪਤ ਹੋ ਸਕਦੇ ਹਨ। ਗੁਰਬਾਣੀ ਸਾਨੂੰ ਦੱਸਦੀ ਹੈ ਕਿ ਕਿਵੇਂ ਅਸੀਂ ਲੋਕ ਤੇ ਪ੍ਰਲੋਕ ਵਿਚ ਨਿਸਚਿੰਤ ਹੋ ਸਕਦੇ ਹਾਂ। ਜਦੋਂ ਗੁਰਬਾਣੀ ਦੀ ਸਮਝ ਪੈ ਜਾਂਦੀ ਹੈ ਤਾਂ ਸਾਡੇ ਮਨ ਤੇ ਤਨ ਦੇ ਸਾਰੇ ਦੁੱਖ ਮਿੱਟ ਜਾਂਦੇ ਹਨ। ਸੋ ਜੇਕਰ ਸੰਪੂਰਨ ਸੁੱਖ ਪਾਉਣਾ ਚਾਹੁੰਦੇ ਹਾਂ ਤਾਂ ਵਹਿਗੁਰੂ ਦਾ ਨਾਮ ਜਪੋ। ਇਸ ਨਾਲ ਕੋਈ ਤੇਰ ਮੇਰ ਨਹੀਂ ਰਹਿ ਜਾਂਦੀ ਤੇ ਮਨ ਭਾਣੇ ਤੇ ਅਨੰਦ ਵਿਚ ਰਹਿੰਦਾ ਹੈ।

ਵਿਚਾਰਾਂ ਵਿਚ ਭੁੱਲਾਂ ਦੀ ਮੁਆਫੀ ਜੀ।

# ਸਾਬਤ ਸੂਰਤਿ ਦਸਤਾਰ ਸਿਰਾ

ਪ੍ਰੋਫੈਸਰ ਮਨਿੰਦਰ ਸਿੰਘ, ਐਡਮਿੰਟਨ (ਕੈਨੇਡਾ)

ਦਸਤਾਰ ਸ਼ਬਦ ਫ਼ਾਰਸੀ ਭਾਸ਼ਾ ਤੋਂ ਆਇਆ ਹੈ ਜਿਸਦਾ ਅਰਥ ਹੈ ਪਗ ਜਾਂ ਪਗੜੀ । ਗੁਰਬਾਣੀ ਦੇ ਕਈ ਸ਼ਬਦਾਂ ਵਿਚ ਪਗ, ਪਗੜੀ ਅਤੇ ਦਸਤਾਰ ਦੀ ਵਰਤੋਂ ਹੋਈ ਹੈ, ਜਿਵੇਂ

ਫਰੀਦਾ ਮੈ ਭੋਲਾਵਾ ਪਗ ਦਾ ਮਤੁ ਮੈਲੀ ਹੋਇ ਜਾਇ ॥ ਗਹਿਲਾ ਰੂਹੁ ਨ ਜਾਣਈ ਸਿਰੁ ਭੀ ਮਿਟੀ ਖਾਇ ॥

1379॥

ਖੂਬੁ ਤੇਰੀ ਪਗਰੀ ਮੀਠੇ ਤੇਰੇ ਬੋਲ॥ ਦ੍ਵਾਰਿਕਾ ਨਗਰੀ ਕਾਹੇ ਕੇ ਮਗੋਲ॥ 727॥

ਕਾਇਆ ਕਿਰਦਾਰ ਅਉਰਤ ਯਕੀਨਾ ॥ਰੰਗ ਤਮਾਸੇ ਮਾਣਿ ਹਕੀਨਾ॥ ਨਾਪਾਕ ਪਾਕੁ ਕਰਿ ਹਦੂਰਿ ਹਦੀਸਾ ਸਾਬਤ ਸੂਰਤਿ ਦਸਤਾਰ ਸਿਰਾ॥ 1084॥

(ਹੇ ਬੰਦੇ ! ਆਪਣੇ ਸਰੀਰ ਨੂੰ ਜਿਸ ਰਾਹੀਂ ਸਦਾ ਚੰਗੇ ਮੰਦੇ ਕੰਮ ਕਰਦਾ ਹੈਂ, ਆਪਣੀ ਵਫ਼ਾਦਾਰ ਔਰਤ ਬਣਾ। ਵਿਕਾਰਾਂ ਦੀ ਥਾਂ ਇਸ ਪਤੀਬ੍ਰਤਾ ਇਸਤਰੀ ਦੀ ਰਾਹੀਂ ਰੱਬੀ ਮਿਲਾਪ ਦੇ ਰੰਗ ਮਾਣ। ਵਿਕਾਰੀ ਮਨ ਨੂੰ ਪਵਿਤੱਰ ਕਰਨ ਦਾ ਯਤਨ ਕਰ। ਇਹ ਰੱਬੀ ਮਿਲਾਪ ਕਰਨ ਵਾਲੀ ਸ਼ਰਹ ਦੀ ਕਿਤਾਬ ਹੈ।

ਸਿਰ ਤੇ ਦਸਤਾਰ ਸਮੇਤ ਆਪਣੇ ਸਰੀਰ ਨੂੰ ਜਿਉਂ ਦਾ ਤਿਉਂ ਰੱਖਣਾ ਇੱਜ਼ਤ ਦਾ ਵਸੀਲਾ ਹੈ। ਬਹੁਤੇ ਸਭਿਆਚਾਰਾਂ ਵਿਚ ਦਸਤਾਰ ਦੀ ਪਰੰਪਰਾ ਸੀ। ਮਿਸਰ ਵਿਚ ਇਸਨੂੰ ਸਜਾਵਟੀ ਬਸਤਰ (ਪਜੀਰ) ਵੱਜੋਂ ਪਾਉਂਦੇ ਸਨ, ਜਿਸਤੋਂ ਪਗੜੀ ਸ਼ਬਦ ਬਣਿਆ। ਦਸਤਾਰ ਮੱਧ-ਪੂਰਬ ਅਤੇ ਉੱਤਰੀ ਅਫ਼ਰੀਕਾ ਵਿਚ ਸਦੀਆਂ ਤੋਂ ਚਲਦੀ ਆਈ ਹੈ। ਭਾਰਤੀ ਕਈ ਪ੍ਰਕਾਰ ਦੀ ਪਗੜੀ ਬਨ੍ਹਦੇ ਹਨ, ਜਿਵੇਂ: ਖਿੜਕੀਦਾਰ- ਲੜਾਂ ਵਿਚ ਖਾਲੀ ਥਾਵਾਂ ਰਖ ਕੇ ਜੋ ਜ਼ਰੀਦਾਰ ਕਪੜੇ ਦੀ ਬਣਾਈ ਜਾਂਦੀ ਹੈ। ਪਾਗ- ਬਿਹਾਰ ਦੇ ਮਿਥਲਾ ਇਲਾਕੇ ਦੇ ਲੋਕ ਬੰਨ੍ਹਦੇ ਹਨ। ਰਾਜਸਥਾਨੀ- ਕਈ ਰੰਗਾਂ, ਕਿਸਮਾਂ ਦੀ ਹੁੰਦੀ ਹੈ।

ਪੇਸ਼ਾਵਰੀ ਪਗੜੀ ਸਿਰ ਉੱਤੇ ਇਕ ਗੋਲ ਟੋਪੀ (ਕੁੱਲੇ) ਦੁਆਲੇ ਕਪੜਾ ਲਪੇਟ ਕੇ ਬੰਨੀ ਜਾਂਦੀ ਹੈ। ਕਸ਼ਤ੍ਰੀਯ ਪਗਰੀ - ਇਹ ਦੋ ਲੰਮੇ ਕਪੜਿਆਂ ਨਾਲ ਬੰਨੀ ਜਾਂਦੀ ਹੈ। ਫ਼ੇਟਾ ਪਗੜੀ- ਬਣੀ ਬਣਾਈ ਪੱਗ ਮੈਸੂਰ ਅਤੇ ਕੋਡਾਗੂ ਵਿਚ ਪਈ ਜਾਂਦੀ ਹੈ। ਅਜਾਇਬ ਘਰਾਂ ਵਿਚ ਪਗੜੀਆਂ ਵਾਲੀਆਂ ਮੂਰਤੀਆਂ ਗਵਾਹੀ ਭਰਦੀਆ ਹਨ ਕਿ ਭਾਰਤ ਵਿਚ ਪਗੜੀ ਦੀ ਪ੍ਰੰਪਰਾ ਸਦੀਆਂ ਪੁਰਾਣੀ ਹੈ।

ਪੰਜਾਬ ਵਿਚ ਹਰ ਧਰਮ ਦੇ ਲੋਕ ਦਸਤਾਰ ਬੰਨ੍ਹਦੇ ਆਏ ਹਨ। ਪਗ ਪੰਜਾਬੀ ਸਭਿਆਚਾਰ ਵਿਚ ਸਨਮਾਨ ਤੇ ਮੁਹਾਵਰਿਆਂ ਨਾਲ ਜੁੜੀ ਹੈ, ਜਿਵੇਂ :- ਪੱਗ ਦੀ ਲਾਜ ਰਖਣਾ, ਪਗ ਲੱਥ ਜਾਣੀ, ਪੱਗ ਸੰਭਾਲਣੀ, ਪੱਗ ਵਟਾਉਣੀ। ਹਿੰਦੂ ਵਿਆਹਾਂ ਵੇਲੇ ਪਗੜੀ ਬੰਨਣ ਦਾ ਰਿਵਾਜ ਅਜੇ ਵੀ ਕਾਇਮ ਹੈ। ਕਿਸੇ ਬਜ਼ੁਰਗ ਦੇ ਮਰਨ ਮਗਰੋਂ ਉਸਦੇ ਪੁੱਤਰ ਨੂੰ ਪਗੜੀ ਬੰਨ੍ਹਣ ਦੀ ਰਸਮ ਹੈ। ਇਹ ਆਦਰ, ਜ਼ਿੰਮੇਦਾਰੀ ਦੀ ਸੂਚਕ ਹੈ।

ਸਿੱਖੀ ਵਿਚ ਦਸਤਾਰ ਦਾ ਵਿਸ਼ੇਸ਼ ਸਥਾਨ ਹੈ। ਸਾਰੇ ਗੁਰੂ ਸਾਹਿਬਾਨ ਦਸਤਾਰ ਧਾਰਨ ਕਰਦੇ ਸਨ। ਗੁਰੂ ਹਰਿਗੋਬਿੰਦ ਜੀ ਦੀ ਦਸਤਾਰ ਬਾਰੇ ਢਾਡੀ ਨੱਥਾਮਲ ਨੇ ਕਿਹਾ "ਪਗ ਤੇਰੀ ਕੀ ਜਹਾਂਗੀਰ ਦੀ"। ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਸੰਸਕਾਰ ਵੇਲੇ ਪੰਜ ਕਕਾਰਾਂ ਸਹਿਤ ਦਸਤਾਰ ਨੂੰ ਖਾਲਸੇ ਦਾ ਜ਼ਰੂਰੀ ਬਸਤ੍ਰ ਕਿਹਾ ਸੀ। ਇਸ ਨਾਲ ਕੇਸਾਂ ਨੂੰ ਚੰਗੀ ਤਰ੍ਹਾਂ ਢੱਕਿਆ ਜਾ ਸਕਦਾ ਹੈ। ਸਿੱਖਾਂ ਲਈ ਟੋਪੀ ਪਾਉਣ ਦੀ ਮਨਾਹੀ ਹੈ, ਟੋਪੀ ਗੁਲਾਮੀ ਦਾ ਚਿਨ੍ਹ ਹੈ। ਖਾਲਸੇ ਦੀ ਦਸਤਾਰ ਉਸਦੇ ਆਪਣੇ ਧਰਮ ਪ੍ਰਤੀ ਅਡਿੱਗ ਵਿਸ਼ਵਾਸ ਪ੍ਰਗਟ ਕਰਦੀ ਹੈ। ਜਿਸ ਨਾਲ ਉਸਦੇ ਹਿਰਦੇ ਵਿਚ ਸਮਾਨਤਾ, ਸਨਮਾਨ, ਸਵੈਮਾਨ, ਹਿੰਮਤ, ਆਤਮ-ਵਿਸ਼ਵਾਸ ਤੇ ਨਿਮਰਤਾ ਦੇ ਗੁਣ ਪ੍ਰਗਟ ਹੁੰਦੇ ਹਨ। ਦਸਤਾਰ ਨਿਵੇਕਲੀ ਸਿੱਖ ਪਹਿਚਾਣ ਦਾ ਜ਼ਰੂਰੀ ਹਿੱਸਾ ਹੈ। ਗੁਰੂ ਗੋਬਿਦ ਸਿੰਘ ਜੀ ਨਾਲ ਇਕਜੋਤ ਹੋਣ ਲਈ ਦਸਤਾਰ ਧਾਰਣ ਕਰਨੀ ਜ਼ਰੂਰੀ ਹੈ।

ਖਾਲਸਾ ਮੇਰੋ ਰੂਪ ਹੈ ਖਾਸ। ਖਾਲਸੇ ਮੇ ਹਉ ਕਰਹੁ ਨਿਵਾਸ।

ਕੰਘਾ ਦੋਨੋ ਵਖਤ ਕਰ, ਪਾਗ ਚੁਨੇ ਸਿਰ ਬਾਂਧਈ॥ ਰਹਿਤਨਾਮੇ॥

ਸਿਖ ਕੌਮ ਦਾ ਦਸਤਾਰ ਪ੍ਰਤੀ ਦ੍ਰਿੜ ਵਿਸ਼ਵਾਸ ਹੈ। ਸੰਸਾਰ ਜੰਗਾਂ ਵੇਲੇ ਅੰਗ੍ਰੇਜ਼ਾਂ ਵੱਲੋਂ ਲੜ ਰਹੇ ਸਿਖ ਸੈਨਕਾਂ ਨੂੰ ਲੋਹ ਦੇ ਟੋਪ ਪਾਉਣ ਦੇ ਆਦੇਸ਼ ਸਨ ਕਿਉਂਕਿ ਉਨ੍ਹਾਂ ਦੇ ਜਾਨੀ ਨੇਕਸਾਨ ਕਰ ਕੇ ਪੈਨਸ਼ਨ ਦਾ ਬੋਝ ਵਧਦਾ ਸੀ। ਪਰ ਸਿਖਾਂ ਨੇ ਲੋਹੇ ਦੀ ਟੋਪੀ ਪਾਉਣ ਤੋਂ ਇਨਕਾਰ ਕਰਦਿਆ ਕਿਹਾ ਕਿ ਸਿਰ ਵਿਚ ਗੋਲੀ ਲੱਗਣ ਕਾਰਨ ਹੋਣ ਵਾਲੀ ਮੌਤ ਤੇ ਉਹ ਪੈਨਸ਼ਨ ਨਹੀ ਲੈਣਗੇ। ਉਨ੍ਹਾ ਬਿਨਾ ਲੋਹ-ਟੋਪ ਯੁੱਧ ਲੜੇ।

ਸਿੱਖੀ ਵਿਚ ਪਗੜੀ ਦੇ ਰੰਗ ਜਾਂ ਸਰੂਪ ਬਾਰੇ ਕੋਈ ਪਾਬੰਦੀ ਨਹੀ ਹੈ। ਨਿਹੰਗ ਸਿੰਘ ਨੀਲੀਆਂ ਦਸਤਾਰਾਂ ਖੰਡੇ ਤੇ ਚੱਕਰਾਂ ਨਾਲ ਬੰਨੰਦੇ ਹਨ। ਨਾਮਧਾਰੀ ਸਿੰਘ ਚਿੱਟੀਆਂ ਦਸਤਾਰਾਂ ਬੰਨਦੇ ਹਨ। ਪਟਿਆਲਾ-ਸ਼ਾਹੀ ਫ਼ਿਫ਼ਟੀਦਾਰ ਪੱਗਾਂ ਵੀ ਪ੍ਰਚਲੱਤ ਹਨ। ਫ਼ੌਜੀਆਂ ਦੀਆਂ ਪੇਚਦਾਰ ਦਸਤਾਰਾਂ ਹੁੰਦੀਆਂ ਹਨ। ਸਿੱਖਾਂ ਨੂੰ ਪੱਗਾਂ ਲਈ ਸੰਘਰਸ਼ ਕਰਨਾ ਪਿਆ ਹੈ। ਹੁਣ ਨੌਕਰੀਆ ਵਿਚ ਦਸਤਾਰ ਦੀ ਆਗਿਆ ਹੈ। ਕ੍ਰੈਸ਼ ਹੈਲਮਟ ਦੀ ਥਾਂ ਦਸਤਾਰ ਦੀ ਛੋਟ ਹੈ। ਟੋਪੀਆ ਪਾਉਂਣ ਤੇ ਮਾਂਪੇ ਦਸਤਾਰ ਬੰਨਣੀ ਸਿਖਾਉਣਾ। ਸਿੱਖ ਸੰਸਥਾਵਾਂ ਜੋ ਉਦੱਮ ਕਰ ਰਹੀਆਂ ਹਨ, ਉਨ੍ਹਾਂ ਦੀ ਸਹਾਇਤਾ ਲੈਣੀ ਚਾਹੀਦੀ ਹੈ।

**Global Sikh Council**

**Voice of Sikhs Worldwide**

www.globalsikhcouncil.org

## ਪੰਜਾਬੀ ਭਾਸ਼ਾ ਵਿੱਚ ਬਦਲਾਅ, ਕੁਦਰਤੀ ਅਤੇ ਗੈਰ-ਕੁਦਰਤੀ " ਵਿਸ਼ੇ ਤੇ ਮਾਰਚ 13/14, 2024 ਨੂੰ ਆਯੋਜਿਤ ਕੀਤੇ ਗਏ ਗਲੋਬਲ ਸਿੱਖੀ ਵਿਦਵਾਨਾਂ ਦੇ ਸੈਮੀਨਾਰ ਵਿੱਚ ਪ੍ਰਾਪਤ ਹੋਏ ਸੁਝਾਅ।

- ਬਦਲਾਅ ਕੁਦਰਤ ਦਾ ਕਾਨੂੰਨ ਹੈ, ਅਤੇ ਇਹ ਭਾਸ਼ਾ ਤੇ ਵੀ ਲਾਗੂ ਹੁੰਦਾ ਹੈ। ਨਵੀਂ ਤਕਨੀਕ, ਨਵਾਂ ਫਲਸਫਾ, ਨਵੀਆਂ ਪ੍ਰਕਿਰਿਆਵਾਂ, ਨਵੀਆਂ ਕਾਢਾਂ ਅਤੇ ਖੋਜਾਂ ਅਤੇ ਹੋਰ ਬਹੁਤ ਕੁਝ ਜਿਵੇਂ ਪਰਵਾਸ, ਰਾਜਨੀਤਿਕ ਤਬਦੀਲੀਆਂ ਵਰਗੀਆਂ ਨਵੀਆਂ ਘਟਨਾਵਾਂ ਵਾਪਰਦੀਆਂ ਹਨ, ਤਾਂ ਕਿਸੇ ਵੀ ਭਾਸ਼ਾ ਵਿੱਚ ਨਵੇਂ ਸ਼ਬਦ ਸ਼ਾਮਲ ਹੋ ਜਾਂਦੇ ਹਨ। ਇਸ ਵਰਤਾਰੇ ਬਾਰੇ ਚਿੰਤਤ ਨਹੀਂ ਹੋਣਾ ਚਾਹੀਦਾ, ਸਗੋਂ ਸੰਤੁਸ਼ਟ ਮਹਿਸੂਸ ਕਰਨਾ ਚਾਹੀਦਾ ਹੈ ਕਿਉਂਕਿ ਇਹ ਤਬਦੀਲੀਆਂ ਸਾਬਤ ਕਰਦੀਆਂ ਹਨ ਕਿ ਸਾਡੀ ਭਾਸ਼ਾ ਜਿੰਦਾ ਹੈ।
- ਜਦੋਂ ਕੋਈ ਬਾਹਰੀ ਸਿਆਸੀ ਤਾਕਤ, ਆਪਣੀ ਭਾਸ਼ਾ ਨੂੰ, ਕਿਸੇ ਕਬਜ਼ੇ ਕੀਤੇ ਗਏ ਇਲਾਕੇ 'ਤੇ ਅਧਿਕਾਰਤ ਵਰਤੋਂ ਦੀ ਭਾਸ਼ਾ ਬਣਾਕੇ ਲਾਗੂ ਕਰਦੀ ਹੈ ਤਾਂ ਕਬਜੇ ਕੀਤੇ ਗਏ ਇਲਾਕੇ ਦੀ ਮੂਲ ਭਾਸ਼ਾ ਵਿੱਚ ਹੋਣ ਵਾਲੀਆਂ ਤਬਦੀਲੀਆਂ ਕੁਦਰਤੀ ਨਹੀਂ ਹੁੰਦੀਆਂ। ਇਸੇ ਤਰ੍ਹਾਂ ਆਪਣੇ ਜੱਦੀ ਘਰ ਤੋਂ ਬਾਹਰ ਰਹਿੰਦੇ ਲੋਕ, ਬਾਹਰੀ ਇਲਾਕੇ ਵਿੱਚ, ਆਪਣੀ ਭਾਸ਼ਾ ਵਿੱਚ ਇੱਕ ਤਬਦੀਲੀ ਮਹਿਸੂਸ ਕਰਨਗੇ, ਜੋ ਕੁਦਰਤੀ ਤਬਦੀਲੀ ਨਹੀਂ ਕਹੀ ਜਾ ਸਕਦੀ।
- ਭਾਸ਼ਾ ਦੀ ਤਬਦੀਲੀ ਵਿੱਚ ਸ਼ਬਦਾਵਲੀ ਦੇ ਨਾਲ ਨਾਲ ਉਚਾਰਨ ਵਿੱਚ ਤਬਦੀਲੀ ਵੀ ਸ਼ਾਮਲ ਹੈ।
- ਕਿਸੇ ਵਿਸ਼ੇਸ਼ ਭੂਗੋਲਿਕ ਖਿੱਤੇ ਦੀ ਭਾਸ਼ਾ, ਉਸ ਖਿੱਤੇ ਦੀ ਸਭ ਤੋਂ ਮਹੱਤਵਪੂਰਨ ਵਿਰਾਸਤ ਹੁੰਦੀ ਹੈ। ਖਿੱਤੇ ਦੇ ਲੋਕਾਂ ਨੂੰ ਆਪਣੀ ਸਭ ਤੋਂ ਕੀਮਤੀ ਜਾਇਦਾਦ ਵਜੋਂ ਇਸ ਦੀ ਕਦਰ ਕਰਨੀ ਚਾਹੀਦੀ ਹੈ।
- ਨਵੀਂ ਸ਼ਬਦਾਵਲੀ ਬਣਾਉਣ ਦੇ ਪ੍ਰੋਜੈਕਟਾਂ 'ਤੇ ਕੰਮ ਕਰ ਰਹੀਆਂ ਸਾਡੀਆਂ ਯੂਨੀਵਰਸਿਟੀਆਂ ਨੂੰ ਪੱਛਮੀ ਪੰਜਾਬ ਵਿੱਚ ਆਪਣੇ ਹਮਰੁਤਬਾ ਨਾਲ ਸੰਪਰਕ ਵਿੱਚ ਰਹਿਣਾ ਚਾਹੀਦਾ ਹੈ ਤਾਂ ਜੋ ਸਾਡੀ ਭਾਸ਼ਾ ਵਿੱਚ ਸ਼ਾਮਲ ਕੀਤੇ ਜਾ ਰਹੇ ਨਵੇਂ ਸ਼ਬਦਾਂ ਨੂੰ ਪੱਛਮੀ ਅਤੇ ਪੂਰਬੀ ਪੰਜਾਬ ਦੇ ਸਾਰੇ ਲੋਕ ਸਮਝ ਸਕਣ।

**Global Sikh Council**
Voice of Sikhs Worldwide
www.globalsikhcouncil.org

□ ਪੰਜਾਬੀ ਵਿੱਚ ਪੁਰਾਤਨ ਬਣ ਰਹੇ ਸ਼ਬਦਾਂ ਨੂੰ ਮੁੜ ਸੁਰਜੀਤ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਉਹ ਪੱਛਮੀ ਅਤੇ ਪੂਰਬੀ ਪੰਜਾਬ ਦੇ ਨਾਲ-ਨਾਲ ਪੱਛਮੀ ਸੰਸਾਰ ਵਿੱਚ ਵਸਦੇ ਪੰਜਾਬੀਆਂ ਵਲੋਂ ਵੀ ਸਮਝੇ ਜਾਂਦੇ ਹਨ।

□ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਪ੍ਰਸਿੱਧ ਕਵੀਆਂ ਜਿਵੇਂ ਵਾਰਿਸ ਸ਼ਾਹ ਅਤੇ ਬੁੱਲ੍ਹੇ ਸ਼ਾਹ ਆਦਿ ਦੁਆਰਾ ਲਿਖੇ ਗਏ ਸਾਹਿਤ ਵਿੱਚ ਵਰਤੇ ਗਏ ਪੰਜਾਬੀ ਸ਼ਬਦਾਂ ਨੂੰ, ਸਾਡੀ ਸ਼ਬਦਾਵਲੀ ਵਿੱਚ ਜੋੜਿਆ ਜਾਣਾ ਚਾਹੀਦਾ ਹੈ, ਕਿਉਂਕਿ ਇਹ ਸ਼ਬਦ ਸਰਹਦ ਦੇ ਦੋਵਾਂ ਪਾਸਿਆਂ ਦੇ ਲੋਕਾਂ ਦੁਆਰਾ ਸਮਝੇ ਜਾਂਦੇ ਹਨ।

□ ਵਿਸ਼ੇਸ਼ ਤੌਰ 'ਤੇ ਫਾਰਸੀ/ਅਰਬੀ ਮੂਲ ਦੇ ਸ਼ਬਦ, ਜੋ ਕਿ ਸਾਡੇ ਪੇਂਡੂ ਲੋਕਾਂ ਦੀ ਬੋਲੀ ਵਿੱਚ ਘੁਲ-ਮਿਲ ਗਏ ਹਨ ਅਤੇ ਉਹਨਾ ਦੁਆਰਾ ਸਾਡੀ ਰੋਜ਼ਮਰ੍ਹਾ ਦੀ ਜ਼ਿੰਦਗੀ ਵਿੱਚ ਵਰਤੇ ਜਾ ਰਹੇ ਹਨ, ਹੋਰ ਭਾਸ਼ਾਵਾਂ ਦੇ ਸ਼ਬਦਾਂ ਨਾਲ ਨਹੀਂ ਬਦਲੇ ਜਾਣੇ ਚਾਹੀਦੇ।

□ ਪੰਜਾਬੀ ਭਾਸ਼ਾ ਦੇ ਢਾਂਚੇ ਨੂੰ ਵਿਗਾੜਨ ਲਈ ਪੰਜਾਬ ਦੀਆਂ ਯੂਨੀਵਰਸਿਟੀਆਂ ਵਿੱਚਲੇ ਵਿਦਵਾਨ ਮੁੱਖ ਤੌਰ ' ਜ਼ਿੰਮੇਵਾਰ ਹਨ। ਜਿੱਥੇ ਸਧਾਰਨ ਪੰਜਾਬੀ ਸ਼ਬਦ ਉਪਲਬਧ ਹਨ, ਉਹ ਉਥੇ ਵੀ ਬੇਲੋੜੇ ਹਿੰਦੀ/ਸੰਸਕ੍ਰਿਤ ਸ਼ਬਦਾਂ ਨੂੰ ਸ਼ਾਮਲ ਕਰ ਰਹੇ ਹਨ।

□ ਮਿਆਰੀ ਪੰਜਾਬੀ ਸ਼ਬਦਾਂ ਦੀ ਇੱਕ ਸ਼ਬਦਾਵਲੀ/ਕੋਸ਼ ਜੀਵਨ ਦੇ ਸਾਰੇ ਖੇਤਰਾਂ ਨੂੰ ਧਿਆਨ ਵਿੱਚ ਰੱਖਕੇ ਬਣਾਇਆ ਜਾਣਾ ਚਾਹੀਦਾ ਹੈ, ਜਿਸ ਵਿੱਚ ਵਿਗਿਆਨ ਇੰਜੀਨੀਅਰਿੰਗ, ਕਾਨੂੰਨ, ਦਵਾਈ, ਮਾਲੀਆ ਪ੍ਰਣਾਲੀ, ਖੇਡਾਂ ਅਤੇ ਸਾਡੇ ਰੋਜ਼ਾਨਾ ਜੀਵਨ ਨਾਲ ਸਬੰਧਤ ਹੋਰ ਬਹੁਤ ਸਾਰੇ ਵਿਸ਼ਿਆਂ 'ਤੇ ਤਕਨੀਕੀ ਸ਼ਬਦ,ਸ਼ਾਮਲ ਹੋਣੇ ਚਾਹੀਦੇ ਹਨ।

□ ਮਾਵਾਂ/ਦਾਦੀਆਂ/ਬਜ਼ੁਰਗਾਂ ਨੂੰ ਪੰਜਾਬੀ ਵਿੱਚ ਆਪਣੇ ਬੱਚਿਆਂ/ਪੋਤੇ-ਪੋਤੀਆਂ ਨੂੰ ਲੋਕ ਕਹਾਣੀਆਂ ਸੁਣਾਕੇ ਕੇ ਆਪਣੀ ਭੂਮਿਕਾ ਨਿਭਾਉਣੀ ਚਾਹੀਦੀ ਹੈ।
ਇਸੇ ਤਰ੍ਹਾਂ ਸਾਡੀ ਨੌਜਵਾਨ ਪੀੜ੍ਹੀ ਨੂੰ ਚਾਹੀਦਾ ਹੈ ਕਿ ਉਹ ਬਜ਼ੁਰਗਾਂ ਨਾਲ ਗੱਲਬਾਤ ਕਰਨ। ਇਸ ਤਰੀਕੇ ਨਾਲ ਬਜ਼ੁਰਗ ਲੋਕਾਂ ਦੁਆਰਾ ਵਰਤੀ ਜਾਂਦੀ ਸ਼ਬਦਾਵਲੀ ਲੋਪ ਨਹੀ ਹੋਵੇਗੀ। ਸਾਡੇ ਬਜ਼ੁਰਗ ਇੱਕ ਵੱਡੇ ਸ਼ਬਦਕੋਸ਼ ਹਨ।

□ ਪੂਰਬੀ ਤੇ ਪੱਛਮੀ ਪੰਜਾਬ ਦੇ ਨਾਮਵਰ ਲੇਖਕਾਂ ਦੀਆਂ ਕਿਤਾਬਾਂ ਦਾ ਗੁਰਮੁਖੀ ਲਿਪੀ ਤੋਂ ਸ਼ਾਹਮੁਖੀ ਲਿਪੀ ਵਿੱਚ ਲਿਖਤਾਂ ਨੂੰ ਬਦਲਣ ਦੇ ਸਮਰੱਥ ਸਾਫਟਵੇਅਰ ਦੀ ਵਰਤੋਂ ਕਰਨੀ ਚਾਹੀਦੀ ਹੈ ਅਤੇ ਇਸ ਦੇ ਉਲਟ ਵੀ। ਇਹ ਦੋਵਾਂ ਵਿੱਚ ਸਮਝੀ ਜਾਣ ਵਾਲੀ ਭਾਸ਼ਾ ਨੂੰ ਉਤਸ਼ਾਹਿਤ ਕਰੇਗਾ।

□ ਪੰਜਾਬੀ ਲੇਖਕਾਂ, ਕਵੀਆਂ ਅਤੇ ਫਿਲਮ ਨਿਰਮਾਤਾਵਾਂ ਉਪਰ ਇਕ ਵੱਡੀ ਜਿਮੇਵਾਰੀ ਹੈ। ਉਨ੍ਹਾਂ ਨੂੰ ਆਸਾਨੀ ਨਾਲ ਸਮਝ ਵਿੱਚ ਆਉਣ ਵਾਲੀ ਭਾਸ਼ਾ ਦੀ ਵਰਤੋਂ ਕਰਨੀ ਚਾਹੀਦੀ ਹੈ। ਇਹ ਉਨ੍ਹਾਂ ਦੀਆਂ ਰਚਨਾਵਾਂ ਲਈ ਨਵਾਂ ਬਾਜ਼ਾਰ ਬਣਾਉਣ ਵਿੱਚ ਵੀ ਮਦਦ ਕਰੇਗਾ।

□ ਜੇਕਰ ਕੋਈ ਸਰਕਾਰੀ ਜਾਂ ਪ੍ਰਾਈਵੇਟ ਸੰਸਥਾ ਕੋਈ ਵੀ ਅਜਿਹਾ ਚਿੱਠੀ ਪਤਰ/ ਸੂਚਨਾ ਭੇਜਦੀ ਹੈ ਜਿਸ ਵਿੱਚ ਸੰਸਕ੍ਰਿਤ-ਕੀਤੀ ਪੰਜਾਬੀ ਵਰਤੀ ਗਈ ਹੋਵੇ ਤਾਂ ਪੰਜਾਬ ਦੇ ਆਮ ਲੋਕਾਂ ਨੂੰ ਵਿਰੋਧ ਕਰਨਾ ਚਾਹੀਦਾ ਹੈ। ਆਮ ਲੋਕਾਂ ਦੇ ਦਬਾਅ ਦਾ ਹਾਂ-ਪੱਖੀ ਅਸਰ ਪਵੇਗਾ ਜੋ ਸਾਡੀ ਭਾਸ਼ਾ ਦੀ ਮੌਲਿਕਤਾ ਨੂੰ ਬਣਾਈ ਰੱਖਣ ਚ ਸਹਾਈ ਹੋਵੇਗਾ।।

## ਸਾਨੂੰ ਇਨ੍ਹਾਂ ਤੇ ਮਾਣ ਹੈ

'BioAro' selected one of the 'Most Promising Canadian Startups'



**BioAro** is a state-of-the-art, innovative, personalized Genetic and Microbiome testing facility for inherited and acquired health risks, with a precision-based approach. It was selected to join the Canadian "*Quantum Technologies Mission*" to France in March 2024. As part of this *Canadian Mission*, BioAro presented at various networking programs, including at the Canadian Embassy in Paris, and at the 'Hello Tomorrow' conference. 'Team BioAro' was selected as one of the *Most Promising Canadian Startups* at this conference.

**Dr Anmol Kapoor,** CEO and President, BioAro (Calgary), is a very eminent and experienced Cardiologist, Research Analyst, Data Scientist, Entrepreneur, Philanthropist and Innovator. He is the Founder of many successful Healthcare ventures. These include 'Advanced Cardiology Consultants and Diagnostics' facility, 'Community Heart-failure Assessment, Rehabilitation and Management' (CHARM) clinic and the 'DIL Walk' Foundation.

**Dr Raja B. Singh**, Vice President and CSO representing BioAro in France, was earlier Member, Governing Council, College of Respiratory Therapists of Alberta, Director-Alberta Academic Health Network, Faculty of Medicine & Dentistry, University of Alberta, Director-Alberta Epigenetics Network, Genome Prairie, and Manager 'Innovate Calgary'.



Congratulations Dr Anmol Kapoor and Dr Raja Balraj Singh of BioAro, Calgary.

Thank you, Dr Thierry Weissenburger, for hosting Team BioAro at Paris (France).

# ਧਰਤੀ ਦਿਵਸ (22 ਅਪ੍ਰੈਲ)

ਸਰਦਾਰਨੀ ਨਰਿੰਦਰ ਕੌਰ, ਕੈਲਗਰੀ (ਕੈਨੇਡਾ)

ਹਰ ਸਾਲ 22 ਅਪ੍ਰੈਲ ਦਾ ਦਿਨ ਵਿਸ਼ਵ ਭਰ ਵਿੱਚ ਵਾਤਾਵਰਨ ਸੁਰੱਖਿਆ ਲਈ ਯਤਨ ਕਰਨ ਲਈ 1970 ਤੋਂ ਮਨਾਇਆ ਜਾ ਰਿਹਾ ਹੈ। ਅਰਥ ਡੇ ਸੰਗਠਨ (Earth Day Organization) ਵਿਸ਼ਵ ਪੱਧਰ 'ਤੇ ਇਸ ਦਾ ਤਾਲਮੇਲ ਲਰਾਂਦਾ ਹੈ। ਲਗਭਗ 200 ਦੇਸ਼ਾਂ ਵਿੱਚ ਵਾਤਾਵਰਣ ਸੰਬੰਧੀ ਮੁੱਦਿਆਂ ਬਾਰੇ ਜਾਗਰੂਕਤਾ ਪੈਦਾ ਕਰਦੇ ਹੋਏ, ਇਹ ਇੱਕ ਗਲੋਬਲ ਅੰਦੋਲਨ ਬਣ ਗਿਆ ਹੈ।

ਇੱਕ ਅਮਰੀਕਨ ਸੈਨੇਟਰ, ਗੇਲੋਰਡ ਨੈਲਸਨ, ਨੇ ਸਭ ਤੋਂ ਪਹਿਲਾਂ ਤੇਲ ਦੇ ਰਿਸਾਅ, ਟ੍ਰੈਫਿਕ ਅਤੇ ਫੈਕਟਰੀਆਂ ਤੋਂ ਪ੍ਰਦੂਸ਼ਣ, ਕੱਚੇ ਸੀਵਰੇਜ, ਜ਼ਹਿਰੀਲੇ ਡੰਪ, ਅਤੇ ਹਾਨੀਕਾਰਕ ਕੀਟਨਾਸ਼ਕਾਂ 'ਤੇ ਧਿਆਨ ਦੇਣ ਲਈ ਇੱਕ 'ਦਿਨ' ਨਿਸ਼ਚਤ ਕੀਤਾ। 22 ਅਪ੍ਰੈਲ, 1970 ਨੂੰ, ਉਸਨੇ ਲੱਖਾਂ ਲੋਕਾਂ ਨੂੰ ਸਿਹਤਮੰਦ ਵਾਤਾਵਰਣ ਦੀ ਮੰਗ ਕਰਨ ਲਈ ਪ੍ਰੇਰਿਤ ਕੀਤਾ, ਜਿਸ ਨਾਲ ਐਨਵਾਇਰਨਮੈਂਟਲ ਪ੍ਰੋਟੈਕਸ਼ਨ ਏਜੰਸੀ (Environmental Protection Agency) ਦੀ ਸਿਰਜਣਾ ਹੋਈ ਅਤੇ ਸਾਫ਼ ਹਵਾ, ਪਾਣੀ ਅਤੇ ਲੁਪਤ ਹੋ ਰਹੀਆਂ ਪ੍ਰਜਾਤੀਆਂ ਦੇ ਐਕਟ ਪਾਸ ਕੀਤੇ ਗਏ।

1990 ਤੱਕ, ਇਸ ਅੰਦੋਲਨ ਨੇ ਇਨ੍ਹਾਂ ਮੁੱਦਿਆਂ ਨੂੰ ਵਿਸ਼ਵ ਪੱਧਰ 'ਤੇ ਉਠਾਉਣ ਲਈ ਕਰੋੜਾਂ ਲੋਕਾਂ ਨੂੰ ਲਾਮਬੰਦ ਕੀਤਾ। ਇਸ ਨਾਲ ਕਈ ਚੀਜ਼ਾਂ ਦੀ 'ਰੀਸਾਈਕਲਿੰਗ' (Recycling) ਸ਼ੁਰੂ ਹੋ ਗਈ। 1992 ਵਿਚ ਰੀਓ ਡੀ ਜਨੇਰੋ ਸੰਯੁਕਤ ਰਾਸ਼ਟਰ ਸੰਮੇਲਨ ਕੀਤਾ ਗਿਆ।




ਇਹ ਮੁੱਦਾ ਫਿਰ ਸਿਆਸੀ ਏਜੰਡੇ 'ਤੇ ਆ ਗਿਆ ਅਤੇ ਹੁਣ ਵਿਸ਼ਵ ਮੀਡੀਆ ਨੇ ਇਸ ਗੰਭੀਰ ਸਮੱਸਿਆ ਵੱਲ ਧਿਆਨ ਦੇਣਾ ਸ਼ੁਰੂ ਕਰ ਦਿੱਤਾ ਹੈ।

ਪਲਾਸਟਿਕ ਪ੍ਰਦੂਸ਼ਣ ਕਰ ਕੇ ਧਰਤੀ ਦੀ ਤਬਾਹੀ

ਹਰ ਸਾਲ ਇਸ ਲਈ ਇੱਕ ਖਾਸ ਮੰਤਵ ਨੀਯਤ ਕੀਤਾ ਜਾਂਦਾ ਹੈ। ਇਹ 2017 ਵਿਚ 'ਵਾਤਾਵਰਣ ਅਤੇ ਜਲਵਾਯੂ ਸਾਖਰਤਾ' ਸੀ, ਤਾ ਕਿ ਆਉਣ ਵਾਲੀਆਂ ਪੀੜ੍ਹੀਆਂ ਧਰਤੀ ਦੀ ਰੱਖਿਆ ਕਰਨ, 2018 ਵਿਚ ਸੀ: 'ਪਲਾਸਟਿਕ ਪ੍ਰਦੂਸ਼ਣ ਨੂੰ ਖਤਮ ਕਰੋ' । 2024 ਲਈ ਉਦੇਸ਼ 'ਪ੍ਰਜਾਤੀਆਂ ਨੂੰ ਬਚਾਉਣਾ' ਹੈ। ਸਾਲਾਨਾ ਲਗਭਗ 90 ਲੱਖ ਟਨ ਪਲਾਸਟਿਕ ਕੂੜਾ ਸਮੁੰਦਰਾਂ ਵਿੱਚ ਜਾਂਦਾ ਹੈ। ਇਸ ਨਾਲ ਜੀਵਾਂ ਨੂੰ ਪਲਾਸਟਿਕ ਦੇ ਰਸਾਇਣਾਂ ਦੁਆਰਾ ਨੁਕਸਾਨ ਹੁੰਦਾ ਹੈ। ਸਮੁੰਦਰੀ ਤੱਟਾਂ ਵਿਚ ਪਲਾਸਟਿਕ ਦੀ ਗਿਣਤੀ ਮੱਛੀਆਂ ਤੋਂ ਸੱਤ ਗੁਣਾ ਵੱਧ ਹੈ। ਇਸ ਕਾਰਨ ਮਨੁੱਖਾਂ ਵਿੱਚ ਮਾੜੇ ਹਾਰਮੋਨਲ ਬਦਲਾਅ (Hormonal Changes) ਹੁੰਦੇ ਹਨ।

## ਜੰਗਲਾਂ ਅਤੇ ਜੈਵਿਕ ਵਿਭਿੰਨਤਾ ਦਾ ਵਿਨਾਸ਼

ਕਈ ਜੀਵਾਂ ਧਓਿ ਪ੍ਰਜਾਤੀਆਂ ਦਾ ਵਿਨਾਸ਼ ਅੱਜ ਮਨੁੱਖੀ ਗਤੀਵਿਧੀਆਂ ਅਤੇ ਪ੍ਰਦੂਸ਼ਣ ਕਾਰਣ ਹੋ ਰਿਹਾ ਹੈ। ਇਹਨਾਂ ਦੇ ਨਤੀਜੇ ਵਜੋਂ ਜਲਵਾਯੂ ਤਬਦੀਲੀਆਂ (Climate Change), ਬਿਮਾਰੀਆਂ (Pandemics) ਅਤੇ ਨਿਵਾਸ ਸਥਾਨਾਂ (Natural Habitat) ਦਾ ਨੁਕਸਾਨ ਹੁੰਦਾ ਹੈ। ਇਹ ਪ੍ਰਦੂਸ਼ਣ ਵਿਸ਼ਵ ਭਰ ਦੇ ਜੰਗਲਾਂ ਵਿੱਚ ਸਮਾਜਿਕ ਹਿੰਸਾ ਅਤੇ ਜੰਗਲੀ ਅੱਗ (Forest Fires) ਲਈ ਵੀ ਜ਼ਿੰਮੇਵਾਰ ਹਨ। ਸਨ 2020 ਦੌਰਾਨ ਲਗਭਗ 60 ਦੇਸ਼ਾਂ ਵਿੱਚ ਚੋਣਾਂ ਹੋਈਆਂ ਅਤੇ ਜਲਵਾਯੂ ਸਬੰਧੀ ਕਾਰਵਾਈ ਦੀ ਮੰਗ ਕੀਤੀ ਗਈ। ਨੇਤਾਵਾਂ ਨੂੰ ਇਹ ਕਿਹਾ ਗਿਆ ਕਿ ਇਹ ਮੁੱਦਾ ਸਾਰਿਆਂ ਲਈ ਮਹੱਤਵਪੂਰਨ ਹੈ। ਹਾਲਾਂਕਿ, ਕੁਝ ਸਰਕਾਰਾਂ ਨੇ ਪ੍ਰਦੂਸ਼ਣ ਨੂੰ ਕੰਟਰੋਲ ਕਰਨ ਲਈ 2015 ਵਿਚ ਹੋਏ ਪੈਰਿਸ ਸਮਝੌਤੇ ਨੂੰ ਪੂਰੀ ਤਰ੍ਹਾਂ ਲਾਗੂ ਨਹੀਂ ਕੀਤਾ ਹੈ।

ਮਨੁੱਖੀ-ਪ੍ਰੇਰਿਤ ਜਲਵਾਯੂ ਪਰਿਵਰਤਨ ਲਗਭਗ 5,000 ਸਾਲ ਪਹਿਲਾਂ ਵਿਆਪਕ ਖੇਤੀਬਾੜੀ ਦੇ ਆਗਮਨ ਨਾਲ ਸ਼ੁਰੂ ਹੋਇਆਏ। ਇਸ ਨਾਲ ਮੀਥੇਨ ਅਤੇ ਹੋਰ ਗ੍ਰੀਨ ਹਾਊਸ ਗੈਸਾਂ (GHG) ਦਾ ਭਾਰੀ ਉਤਪਾਦਨ ਹੋਇਆ। ਜੰਗਲ ਸਾੜ ਕੇ ਖੇਤੀ ਲਈ ਜ਼ਮੀਨ ਨੂੰ ਸਾਫ਼ ਕਰਨ ਨਾਲ ਜੈਵ ਵਿਭਿੰਨਤਾ ਅਤੇ ਵਾਤਾਵਰਣ ਤੇ ਮਾੜਾ ਪ੍ਰਭਾਵ ਪਿਆ। ਵਧਦੀ ਆਬਾਦੀ ਅਤੇ ਡਿਜੀਟਲ ਕ੍ਰਾਂਤੀ ਦੇ ਕਾਰਣ ਵੀ ਲੋੜੀਂਦੀ ਊਰਜਾ ਦੀ ਵਧਦੀ ਮਾਤਰਾ ਹੁਣ ਗ੍ਰੀਨ ਹਾਊਸ ਗੈਸਾਂ ਵਧੀਆਂ। ਮੋਬਾਈਲ ਫੋਨਾਂ ਦੀ ਗਿਣਤੀ, ਉਹਨਾਂ ਦੇ ਵਿਸਫੋਟ, ਨਵੇਂ ਐਪਸ, ਕੰਪਿਊਟਰ ਅਤੇ ਸਰਵਰ ਮੌਸਮ ਨੂੰ ਪ੍ਰਭਾਵਿਤ ਕਰ ਰਹੇ ਹਨ। ਇਹ ਹੁਣ ਸੜਕੀ ਆਵਾਜਾਈ ਅਤੇ ਹਵਾਈ ਜਹਾਜ਼ਾਂ ਦੀਆਂ ਊਰਜਾ ਲੋੜਾਂ ਨਾਲ ਤੁਲਨਾਯੋਗ ਹਨ।

## ਇਸ ਸਮੱਸਿਆ ਦੇ ਹੱਲ ਕੀ ਹੈ ?

ਇਸ ਲਈ, ਸੰਸਥਾਵਾਂ, ਵਿਗਿਆਨੀਆਂ, ਸਰਕਾਰਾਂ ਅਤੇ ਅੰਤਰ-ਰਾਸ਼ਟ੍ਰੀ ਏਜੰਸੀਆਂ ਵੱਲੋਂ ਕਈ ਉਪਰਾਲੇ ਕੀਤੇ ਜਾ ਰਹੇ ਹਨ। ਟਾਇਲਟ ਪੇਪਰਾਂ ਨੂੰ ਲੈਂਡਫਿਲ ਵਿੱਚ ਸੜਨ ਲਈ ਮਹੀਨੇ ਲੱਗ ਜਾਂਦੇ ਹਨ। ਇੱਕ ਟਨ ਬਾਥਰੂਮ ਟਿਸ਼ੂ ਰੋਲ ਬਣਾਉਣ ਲਈ ਘੱਟੋ-ਘੱਟ 17 ਰੁੱਖ ਕੱਟਣੇ ਪੈਂਦੇ ਹਨ। ਚਾਰ ਵਿਅਕਤੀਆਂ ਦੇ ਪਰਿਵਾਰ ਵਿਚ ਹਰ ਸਾਲ ਲਗਭਗ 30 ਕਿਲੋ ਟਿਸ਼ੂ ਦੀ ਲੋੜ ਹੁੰਦੀ ਹੈ। ਮੌਜੂਦਾ ਸੰਸਾਰ ਦੀ ਆਬਾਦੀ ਲਈ ਹਰ ਰੋਜ਼ ਲਗਭਗ 27,000 ਰੁੱਖਾਂ ਦੀ ਕਟਾਈ ਦੀ ਲੋੜ ਹੈ। ਪਲਾਸਟਿਕ ਨੂੰ ਗਲਣ ਵਿੱਚ 450 ਸਾਲ ਲੱਗ ਜਾਂਦੇ ਹਨ। ਇਸ ਦੀ ਵਰਤੋਂ ਨੂੰ ਘੱਟ ਤੋਂ ਘੱਟ ਕਰਨ ਦੀ ਲੋੜ ਹੈ। ਦੁਨੀਆ ਭਰ ਵਿੱਚ ਹਰ ਸਾਲ ਲਗਭਗ 150 ਕਰੋੜ ਰੁੱਖ ਕੱਟੇ ਜਾ ਰਹੇ ਹਨ ਜਿਨ੍ਹਾਂ ਦੀ ਛਾਂ ਏਅਰ-ਕੰਡੀਸ਼ਨਰਾਂ ਦੀ ਲੋੜ ਨੂੰ ਘਟਾ ਸਕਦੀ ਹੈ। ਘਰਾਂ ਦੇ ਆਲੇ ਦੁਆਲੇ ਰੁੱਖ ਲਗਾਉਣਾ ਅਤੇ ਸਰਕਾਰਾਂ ਦੁਆਰਾ ਵੱਡੇ ਪੱਧਰ 'ਤੇ ਜੰਗਲ ਲਗਾਉਣਾ ਇੱਕ ਹੱਲ ਹਨ।

ਇਸ ਸੰਬੰਧ ਵਿਚ "ਈਕੋ-ਸਿੱਖ" (Eco-Sikh) ਅਤੇ ਹੋਰ ਅਜਿਹੀਆਂ ਗੈਰ-ਸਰਕਾਰੀ ਸੰਸਥਾਵਾਂ ਦੇ ਯਤਨ ਸ਼ਲਾਘਾਯੋਗ ਹਨ। ਹਵਾ, ਪਾਣੀ, ਸੂਰਜ, ਜੀਓ-ਥਰਮਲ ਅਤੇ ਬਾਇਓ-ਵੇਸਟ ਵਰਗੇ ਸਰੋਤਾਂ ਤੋਂ ਬਿਜਲੀ ਉਤਪਾਦਨ ਵਿੱਚ ਭਾਰੀ ਵਾਧਾ ਹੋ ਸਕਦਾ ਹੈ। ਇੱਕੋ ਵਾਰ ਵਰਤੋਂ ਯੋਗ ਬੈਗਾਂ ਆਦਿ ਦੀ ਵਰਤੋਂ ਨੂੰ ਰੋਕਣਾ ਚਾਹੀਦਾ ਹੈ। ਜਦੋਂ ਕੰਪਿਊਟਰ ਵਰਤੋਂ ਵਿਚ ਨਹੀਂ ਹੁੰਦੇ ਤਾਂ ਉਨ੍ਹਾਂ ਨੂੰ ਬੰਦ ਕਰਨਾ ਊਰਜਾ ਦੀ ਖਪਤ ਨੂੰ 85 ਪ੍ਰਤੀਸ਼ਤ ਤੱਕ ਘਟਾਉਂਦਾ ਹੈ। "ਵਾਤਾਵਰਣ ਦੇ ਬਚਾਉਣ ਦਾ ਗਿਆਨ" ਸਕੂਲਾਂ ਵਿਚ ਇੱਕ ਲਾਜ਼ਮੀ ਮਜ਼ਮੂਨ ਦੇ ਤੌਰ ਤੇ ਪੜ੍ਹਾਇਆ ਜਾਣਾ ਚਾਹੀਦਾ ਹੈ।

## ਹੋਲਾ ਮਹੱਲਾ ਬਨਾਮ ਹੋਲੀ (ਭਾਗ-1)

ਗਿਆਨੀ ਅਵਤਾਰ ਸਿੰਘ ਜੀ

https://gurparsad.com/hola-mahalla-vs-holi/

ਨੋਟ : ਇਸ ਲੇਖ ਦੇ ਦੋ ਹੋਰ ਭਾਗ 'ਸਾਂਝੀ ਵਿਰਾਸਤ' ਦੇ ਅਗਲੇ ਅੰਕਾਂ ਵਿਚ ਛਪਣਗੇ।

ਵੈਦਿਕ ਸ਼ਾਸਤਰਾਂ ਅਨੁਸਾਰ ਹੋਲੀ ਦਾ ਪਿਛੋਕੜ ਇਤਿਹਾਸ; 'ਹੋਲਿਕਾ ਦਹਿਨ' (ਹੋਲਿਕਾ ਨੂੰ ਚਿਖ਼ਾ 'ਚ ਜਲਾਉਣ) ਨਾਲ਼ ਜੁੜਿਆ ਹੋਇਆ ਹੈ, ਜੋ ਪ੍ਰਹਿਲਾਦ ਦੀ ਭੂਆ ਅਤੇ ਹਰਨਾਖ਼ਸ਼ (ਦਰਾਵੜ ਆਗੂ / ਦੱਖਣ ਭਾਰਤ ਦੇ ਮੂਲ ਨਿਵਾਸੀ) ਦੀ ਭੈਣ ਸੀ। ਪੌਰਾਣਿਕ ਕਥਾ ਅਨੁਸਾਰ ਪ੍ਰਹਿਲਾਦ ਵਿਸ਼ਨੂੰ (ਉੱਤਰ ਭਾਰਤ 'ਚ ਆਰੀਅਨ ਰਾਜੇ ਇੰਦਰ ਦਾ ਛੋਟਾ ਭਰਾ) ਦੀ ਭਗਤੀ ਕਰਦਾ ਸੀ (ਜੈਸਾ ਕਿ ਦਰਾਵੜ ਰਾਜੇ ਰਾਵਣ ਦਾ ਭਰਾ ਵਿਭੀਸਣ / ਭਭੀਖਣ ਭੀ ਆਰੀਅਨ ਰਾਜੇ ਰਾਮ ਚੰਦਰ ਜੀ ਦਾ ਸੇਵਕ ਸੀ)। ਹਰਨਾਖ਼ਸ਼ ਨੂੰ ਇਹ ਪਸੰਦ ਨਹੀਂ ਸੀ। ਪ੍ਰਹਿਲਾਦ ਨੂੰ ਮਾਰਨ ਲਈ ਉਸ ਨੇ ਆਪਣੀ ਭੈਣ (ਹੋਲਿਕਾ) ਦੀ ਮਦਦ ਲਈ, ਜੋ ਪ੍ਰਹਿਲਾਦ ਨੂੰ ਗੋਦੀ 'ਚ ਬੈਠਾ ਕੇ ਚਿਖ਼ਾ 'ਤੇ ਬੈਠ ਗਈ ਕਿਉਂਕਿ ਉਸ ਨੂੰ ਵਰ ਪ੍ਰਾਪਤ ਸੀ ਕਿ ਉਹ ਅੱਗ 'ਚ ਨਹੀਂ ਸੜੇਗੀ, ਪਰ ਹੋਇਆ ਉਲ਼ਟ; ਪ੍ਰਹਿਲਾਦ ਬਚ ਗਿਆ ਅਤੇ ਹੋਲਿਕਾ ਚਿਖ਼ਾ 'ਚ ਜਲ਼ ਗਈ।

'ਹੋਲਿਕਾ' ਨੂੰ ਪੂਤਨਾ ਰਾਖਸ਼ਣੀ ਭੀ ਕਿਹਾ ਜਾਂਦਾ ਹੈ। ਕੰਸ ਨੇ ਇਸ ਦੇ ਥਣਾਂ 'ਤੇ ਜ਼ਹਰ ਲਗਾ ਕੇ ਕ੍ਰਿਸ਼ਨ ਜੀ ਨੂੰ ਦੁੱਧ ਚੁੰਘਾਉਣ ਲਈ ਭੇਜਿਆ ਸੀ, ਪਰ ਕ੍ਰਿਸ਼ਨ ਜੀ ਨੇ ਦੁੱਧ ਨੂੰ ਚੁੰਘਦਿਆਂ ਇਸ ਦੇ ਅੰਦਰੋਂ ਖ਼ੂਨ ਭੀ ਚੂਸ ਲਿਆ ਅਤੇ ਇਸ ਨੂੰ ਸ਼ੈਤਾਨ ਰੂਪ 'ਚ ਬਦਲ ਦਿੱਤਾ। ਇਹ ਬਾਹਰ ਭੱਜੀ ਤੇ ਅੱਗ ਦੀਆਂ ਲਪਟਾਂ 'ਚ ਸੜਦੀ ਹੋਈ ਜਲ਼ ਗਈ।

ਸ਼ਿਵ ਜੀ ਦੇ ਉਪਾਸ਼ਕਾਂ ਅਨੁਸਾਰ ਹੋਲੀ ਵਾਲ਼ੇ ਦਿਨ ਸ਼ਿਵ ਨੇ ਕ੍ਰੋਧਿਤ ਹੋ ਕੇ ਕਾਮਦੇਵ ਨੂੰ ਜਲਾ ਦਿੱਤਾ। ਇਸ ਖ਼ੁਸ਼ੀ 'ਚ ਉਹ ਭੰਗ ਦੇ ਪਕੌੜੇ ਅਤੇ ਠੰਡਿਆਈ ਦਾ ਸੇਵਨ ਕਰਦੇ ਹਨ। ਸ਼ਾਹਜਹਾਂ ਦੇ ਸਮੇਂ ਹੋਲੀ ਨੂੰ 'ਈਦ ਏ ਗੁਲਾਬੀ' ਜਾਂ 'ਆਬ ਏ ਪਾਸ਼ੀ' (ਰੰਗਾਂ ਦੀ ਬੌਛਾਰ) ਕਿਹਾ ਜਾਂਦਾ ਸੀ। ਅਕਬਰ ਦੇ ਜੋਧਾ ਬਾਈ ਨਾਲ਼ ਅਤੇ ਜਹਾਂਗੀਰ ਦੇ ਨੂਰਜਹਾਂ ਨਾਲ਼ ਹੋਲੀ ਖੇਡਣ ਦੇ ਚਿੱਤਰ ਕਈ ਅਜਾਇਬ ਘਰਾਂ ਮਿਲਦੇ ਹਨ। ਇਹ ਤਿਉਹਾਰ ਬਸੰਤ ਰੁੱਤ 'ਚ ਫ਼ੱਗਣ ਮਹੀਨੇ ਦੇ ਅੰਤਮ ਦਿਨ (ਪੂਰਨਮਾਸ਼ੀ) ਨੂੰ ਹੁੰਦਾ ਹੈ, ਜੋ ਕਿ ਦੋ ਦਿਨ ਰਹਿੰਦਾ ਹੈ। ਦੂਜੇ ਦਿਨ (੧ ਚੇਤ ਨੂੰ) ਇੱਕ ਦੂਜੇ ਉੱਤੇ ਰੰਗ ਪਾ ਕੇ, ਢੋਲ ਵਜਾ ਕੇ 'ਹੋਲਿਕਾ ਦਹਿਨ' ਦੀ ਖ਼ੁਸ਼ੀ ਦਾ ਇਜ਼ਹਾਰ ਕੀਤਾ ਜਾਂਦਾ ਹੈ। ਇਸ ਦਿਨ ਨੂੰ 'ਧੁਰੱਡੀ, ਧੁਲੇਂਡੀ, ਧੁਰਖੇਲ, ਧੂਲਿਵੰਦਨ, ਬਸੰਤ ਉਤਸਵ, ਅਤੇ ਕਾਮ-ਮਹੋਤਸਵ' ਆਦਿ ਭੀ ਕਹਿਦੇ ਹਨ। ਚੰਦ੍ਰਮਾ ਸਾਲ ਦਾ ਇਹ ਪਹਿਲਾ ਦਿਨ ਹੈ।

ਸਿੱਖ ਇਤਿਹਾਸ 'ਚ ਇਸ ਦਿਨ ਨੂੰ "ਹੋਲਾ ਮਹੱਲਾ" (ਨਕਲੀ ਯੁੱਧ ਅਭਿਆਸ) ਵਜੋਂ ਮਨਾਇਆ ਜਾਂਦਾ ਹੈ। ਪਰ ਅੱਜ ਹੋਲੀ ਮਨਾਉਣ ਦਾ ਢੰਗ ਵੇਖੀਏ ਤਾਂ ਇਸ ਦਿਨ ਪਿਆਰ ਘੱਟ; ਨਸ਼ਾ, ਜੂਆ, ਨਫ਼ਰਤ, ਅਸ਼ਲੀਲ ਹਰਕਤਾਂ, ਆਦਿ ਵੱਧ ਵੇਖੀਆਂ ਜਾਂਦੀਆਂ ਹਨ। ਇਸ ਲਈ "ਹੋਲੇ ਮਹੱਲੇ" ਦਾ ਪਿਛੋਕੜ ਇਤਿਹਾਸ; ਹਰ ਸਿੱਖ ਨੂੰ ਜਾਣਨਾ ਬੜਾ ਜ਼ਰੂਰੀ ਹੈ।

ਧਰਮ ਪ੍ਰਤੀ ਲਗਾਅ ਪੈਦਾ ਕਰਨ ਲਈ ਤਿਉਹਾਰ ਉਲੀਕੇ ਜਾਂਦੇ ਹਨ ਤਾਂ ਜੋ ਸਮਾਜਿਕ ਬੁਰਾਈ ਦਾ ਨਾਸ ਹੋਵੇ। ਮਾਨਵ ਜਾਤੀ ਆਪਸੀ ਏਕਤਾ ਤੇ ਸਦਭਾਵਨਾ 'ਚ ਜੀਵੇ। ਜੇਕਰ ਮਨੁੱਖ ਖ਼ੁਸ਼ਹਾਲ ਹੈ ਤਾਂ ਹੋਰ ਜੂਨਾਂ (ਪਸ਼ੂ-ਪੰਛੀ) ਭੀ ਖ਼ੁਸ਼ਹਾਲ ਰਹਿਣਗੇ। ਜੇ ਮਨੁੱਖ ਦੁਖੀ, ਬੇਚੈਨ ਤੇ ਈਰਖਾਲੂ ਹੈ ਤਾਂ ਸਾਰੀ ਸ੍ਰਿਸ਼ਟੀ ਇਸ ਦਾ ਨਤੀਜਾ ਭੁਗਤੇਗੀ। ਅੱਜ ਹਵਾ-ਪਾਣੀ ਦੂਸ਼ਿਤ ਕਿਸੇ ਪਸ਼ੂ-ਪੰਛੀ ਨੇ ਨਹੀਂ ਕੀਤਾ। ਬੰਬ-ਧਮਾਕਿਆਂ ਨਾਲ਼ ਬੇਜ਼ਬਾਨ ਜਾਨਵਰਾਂ ਨੂੰ ਕਸ਼ਟ; ਕੇਵਲ ਮਨੁੱਖ ਜਾਤੀ ਕਾਰਣ ਹੀ ਹੈ।

ਪਤਝੜ ਤੋਂ ਬਾਅਦ ਆਈ ਬਸੰਤ ਰੁੱਤ 'ਚ ਸਾਰੀ ਬਨਸਪਤੀ ਨਵੇਂ ਰੂਪ 'ਚ ਖਿੜਦੀ ਹੈ। ਜੀਵ-ਜੰਤਾਂ ਦੀ ਪ੍ਰਜਣਨ ਦਰ ਭੀ ਇਸ ਰੁੱਤ 'ਚ ਵਧੇਰੇ ਹੁੰਦੀ ਹੈ। ਗੁਰੂ ਨਾਨਕ ਸਾਹਿਬ ਜੀ ਦਾ ਪ੍ਰਕਾਸ਼ ਭੀ ਇਸੇ ਰੁੱਤ ਵਿਚ ੧ ਵੈਸਾਖ 1469 ਈਸਵੀ ਨੂੰ ਹੋਇਆ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਭੀ ਖ਼ਾਲਸੇ ਦੀ ਸਾਜਣਾ ਇਸੇ ਰੁੱਤ ਵਿਚ ੧ ਵੈਸਾਖ 1699 ਨੂੰ ਕੀਤੀ। ਗੁਰਬਾਣੀ ਰਾਹੀਂ ਭਗਤੀ ਗੁਣ (ਪੀਰੀ) ਦੇ ਨਾਲ਼ ਵੀਰ-ਰਸ ਦੇ ਅਭਿਆਸ ਲਈ ਹੋਲਾ ਮਹੱਲਾ (ਯੁੱਧ ਅਭਿਆਸ) ਭੀ ਇਸੇ ਰੁੱਤ ਵਿਚ ੧ ਚੇਤ ਨੂੰ ਨਿਸ਼ਚਿਤ ਹੋਇਆ ਸੀ। ਸਰੀਰਕ ਯੋਧੇ ਪੈਦਾ ਕਰਨ ਲਈ ਗੁਰੂ ਅੰਗਦ ਸਾਹਿਬ ਨੇ ਖਡੂਰ ਸਾਹਿਬ ਵਿਖੇ ਮੱਲ ਅਖਾੜੇ ਸ਼ੁਰੂ ਕੀਤੇ ਸੀ। ਇਹ ਸਭ ਘਟਨਾਵਾਂ ਸਾਬਤ ਕਰਦੀਆਂ ਹਨ ਕਿ ਕਰਤਾਰ ਅਤੇ ਗੁਰੂ ਮਨੁੱਖੀ ਸੋਚ ਵਾਲ਼ਾ ਯੁੱਗ ਬਦਲਣ ਲਈ ਇਹੋ ਸਮਾਂ ਚੁਣਦੇ ਹਨ, ਪਰ ਰਸਾਂ-ਕਸਾਂ ਵਾਲ਼ੇ ਅਨੰਦ ਵਿਚ ਮਸਤ ਲੋਕ ਕੱਚੇ ਰੰਗਾਂ ਨਾਲ਼ ਹੋਲੀ ਖੇਡਦੇ ਹਨ। ਅਸਲ ਅਨੰਦ ਦੀ ਝਲਕ ਲੈਣ ਤੋਂ ਭਟਕੀ ਅੰਨ੍ਹੀ ਲੁਕਾਈ ਕੀ ਕਰੇ, ਜੇ ਅਜ ਦਾ ਪਖੰਡੀ ਗੁਰੂ ਆਪ ਨੱਚ ਰਿਹਾ ਹੋਵੇ।

"ਵਾਇਨਿ ਚੇਲੇ; ਨਚਨਿ ਗੁਰ ॥ ਪੈਰ ਹਲਾਇਨਿ; ਫੇਰਨ੍ਹਿ ਸਿਰ ॥ ਉਡਿ ਉਡਿ ਰਾਵਾ; ਝਾਟੈ ਪਾਇ ॥ ਵੇਖੈ ਲੋਕੁ; ਹਸੈ ਘਰਿ ਜਾਇ॥"

(ਆਸਾ ਕੀ ਵਾਰ/ਮਹਲਾ ੧ / ੪੬੫)॥

ਚੇਲੇ ਸਾਜ ਵਜਾਉਂਦੇ ਹਨ ਤੇ ਉਸ ਧੁਨੀ 'ਤੇ ਹੱਥ-ਪੈਰ ਹਿਲਾ, ਸਿਰ ਘੁਮਾ ਕੇ ਅਜੋਕੇ ਗੁਰੂ ਨੱਚਦੇ ਹਨ। ਉੱਡਦੀ ਖੇਹ ਸਿਰ 'ਚ ਪੈਂਦੀ ਹੈ, ਜਿਸ ਨੂੰ ਲੋਕ ਵੇਖਦੇ ਹਨ ਤੇ ਘਰੋਂ ਘਰੀ ਜਾ ਕੇ ਹੱਸਦੇ ਹਨ। ਇਸ ਖੇਡ ਦੀ ਪ੍ਰਾਪਤੀ ਹੱਸਣ ਤੋਂ ਬਿਨਾਂ ਕੁੱਝ ਨਾ ਹੋਈ। ਸਿੱਖ ਗੁਰੂ ਸਾਹਿਬ ਉਨ੍ਹਾਂ ਮੋਹਰੀਆਂ ਦੀ ਗੱਲ ਸਦੀਆਂ ਪਹਿਲਾਂ ਕਰ ਗਏ, ਜੋ ਅੱਜ ਬਲਾਤਕਾਰ ਦੀ ਸਜ਼ਾ ਜੇਲ੍ਹਾਂ 'ਚ ਬੈਠੇ ਕੱਟ ਰਹੇ ਹਨ, ਕਿਉਂਕਿ ਮਨ ਪਰਚਾਵੇ ਵਿੱਚੋਂ ਐਸਾ ਹੀ ਜੀਵਨ ਪਨਪਦਾ ਹੈ। ਹੈਰਾਨੀ ਹੁੰਦੀ ਹੈ ਜਦ ਕੋਈ ਸਿੱਖ ਭੀ ਐਸੀ ਖੇਡ ਖੇਲ੍ਹੇ। ਆਪਣਾ ਮੂੰਹ-ਸਿਰ ਰੰਗ ਕੇ ਜਾਗਰੂਕ ਲੋਕਾਂ ਦੀਆਂ ਨਜ਼ਰਾਂ 'ਚ ਹੋਰ ਡਿੱਗੇਗਾ। ਇਨ੍ਹਾਂ ਨੇ ਗੁਰੂਆਂ, ਭਗਤਾਂ ਦੇ ਜੀਵਨ ਵਿੱਚੋਂ ਕੋਈ ਰੌਸ਼ਨੀ ਪ੍ਰਾਪਤ ਨਹੀਂ ਕੀਤੀ। ਗੁਰੂ ਦਾ ਫ਼ੁਰਮਾਨ ਹੈ:

ਹੋਲੀ ਕੀਨੀ ਸੰਤ ਸੇਵ ॥ ਰੰਗ ਲਾਗਾ ਅਤਿ ਲਾਲ ਦੇਵ॥ (ਬਸੰਤ ਮਹਲਾ 5 ਘਰ 1 – 1180) ॥

***

ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਪੰਜਾਬੀ ਸਿਖਾਉਣ ਲਈ ਇੱਕ ਸ਼ਲਾਘਾਯੋਗ ਉਪਰਾਲਾ ਕੀਤਾ ਹੈ, ਜਿਸ ਦਾ ਲਿੰਕ ਹੇਠਾਂ ਦਿੱਤਾ ਹੈ।

https://youtu.be/YR2TvFo9z3c?si=JTdb1-IJVgQr_u-0

# ਦਸਮ ਪਿਤਾ ਜੀ ਵੱਲੋਂ ਨਾਂਦੇੜ ਵਿਖੇ ਕੀਤੇ ੫੨ ਹੁਕਮ

੧. ਕਿਰਤ ਧਰਮ ਦੀ ਕਰਨੀ ।
੨. ਦਸਵੰਧ ਦੇਣਾ ।
੩. ਗੁਰਬਾਣੀ ਕੰਠ ਕਰਨੀ ।
੪. ਅੰਮ੍ਰਿਤ ਵੇਲੇ ਜਾਗਣਾ ।
੫. ਪਿਆਰ ਨਾਲ ਗੁਰਸਿੱਖਾਂ ਦੀ ਸੇਵਾ ਕਰਨੀ ।
੬. ਗੁਰਸਿੱਖਾਂ ਪਾਸੋਂ ਗੁਰਬਾਣੀ ਦੇ ਅਰਥ ਸਮਝਣੇ ।
੭. ਪੰਜ ਕਕਾਰਾਂ ਦੀ ਰਹਿਤ ਦ੍ਰਿੜ੍ਹ ਰੱਖਣੀ ।
੮. ਸ਼ਬਦ ਦਾ ਅਭਿਆਸ ਕਰਨਾ ।
੯. ਧਿਆਨ ਸਤਿ-ਸਰੂਪ ਸਤਿਗੁਰੂ ਦਾ ਕਰਨਾ ।
੧੦. ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਣਾ ।
੧੧. ਸਭ ਕਾਰਜਾਂ ਦੇ ਆਰੰਭ ਵੇਲੇ ਅਰਦਾਸ ਕਰਨੀ ।
੧੨. ਜੰਮਣ, ਮਰਨ, ਵਿਆਹ, ਆਨੰਦ ਆਦਿ ਸਮੇਂ ਜਪੁ ਜੀ ਦਾ ਪਾਠ ਕਰਕੇ, ਕੜਾਹ ਪ੍ਰਸ਼ਾਦਿ ਤਿਆਰ ਕਰਕੇ, ਅਨੰਦੁ ਸਾਹਿਬ ਦਾ ਪਾਠ, ਅਰਦਾਸ ਕਰਕੇ, ਪੰਜਾਂ ਪਿਆਰਿਆਂ ਅਤੇ ਹਜ਼ੂਰੀ ਗ੍ਰੰਥੀ ਸਿੰਘਾਂ ਦਾ ਵਰਤਾਰਾ ਵਰਤਾ ਕੇ ਰੱਖ ਉਪਰੰਤ ਸੰਗਤਾਂ ਨੂੰ ਵਰਤਾ ਦੇਣਾ ।
੧੩. ਜਦ ਤਕ ਕੜਾਹ ਪ੍ਰਸ਼ਾਦਿ ਵਰਤਦਾ ਰਹੇ, ਸਾਰੀ ਸੰਗਤ ਅਡੋਲ ਬੈਠੀ ਰਹੇ ।
੧੪. ਵਿਆਹ ਅਨੰਦੁ ਬਿਨਾਂ ਗ੍ਰਹਿਸਤ ਨਹੀਂ ਕਰਨਾ ।
੧੫. ਪਰ-ਇਸਤਰੀ ਮਾਂ, ਭੈਣ, ਧੀ ਕਰ ਜਾਣਨੀ ।
੧੬. ਇਸਤਰੀ ਦਾ ਮੂੰਹ ਨਹੀਂ ਫਿਟਕਾਰਨਾ ।
੧੭. ਜਗਤ-ਜੂਠ ਤਮਾਕੂ ਬਿਖਿਆ ਦਾ ਤਿਆਗ ਕਰਨਾ ।
੧੮. ਰਹਿਤਵਾਨ ਤੇ ਨਾਮ ਜਪਣ ਵਾਲੇ ਗੁਰਸਿੱਖਾਂ ਦੀ ਸੰਗਤ ਕਰਨੀ ।
੧੯. ਜਿਤਨੇ ਕੰਮ ਆਪਣੇ ਕਰਨ ਦੇ ਹੋਣ, ਉਨ੍ਹਾਂ ਦੇ ਕਰਨ ਵਿੱਚ ਆਲਸ ਨਹੀਂ ਕਰਨਾ ।
੨੦. ਗੁਰਬਾਣੀ ਦੀ ਕਥਾ ਅਤੇ ਕੀਰਤਨ ਰੋਜ਼ ਸੁਣਨਾ ਤੇ ਕਰਨਾ ।
੨੧. ਕਿਸੇ ਦੀ ਨਿੰਦਾ, ਚੁਗਲੀ ਤੇ ਈਰਖਾ ਨਹੀਂ ਕਰਨੀ ।
੨੨. ਧਨ, ਜੁਆਨੀ, ਕੁਲ-ਜਾਤ ਦਾ ਮਾਣ ਨਹੀਂ ਕਰਨਾ ।
੨੩. ਮੱਤ ਉੱਚੀ ਤੇ ਸੁੱਚੀ ਰੱਖਣੀ ।
੨੪. ਸ਼ੁਭ ਕਰਮ ਕਰਦੇ ਰਹਿਣਾ ।
੨੫. ਬੁੱਧ ਬਲ ਦਾ ਦਾਤਾ ਵਾਹਿਗੁਰੂ ਨੂੰ ਜਾਣਨਾ ।
੨੬. ਕਸਮ, ਸਹੁੰ ਚੁੱਕਣ ਵਾਲੇ ਤੇ ਇਤਬਾਰ ਨਹੀਂ ਕਰਨਾ ।
੨੭. ਸੁਤੰਤਰ ਵਿਚਰਨਾ ।
੨੮. ਰਾਜਨੀਤੀ ਵੀ ਪੜ੍ਹਨੀ ।
੨੯. ਸ਼ੱਤਰੂ ਨਾਲ ਸਾਮ, ਦਾਮ, ਭੇਦ ਆਦਿਕ ਉਪਾਓ ਵਰਤਣੇ, ਉਪਰੰਤ ਯੁੱਧ ਕਰਨਾ ਧਰਮ ਹੈ ।
੩੦. ਸ਼ਸਤਰ ਵਿੱਦਿਆ ਤੇ ਘੋੜ-ਸਵਾਰੀ ਦਾ ਅਭਿਆਸ ਕਰਨਾ ।
੩੧. ਦੂਸਰੇ ਧਰਮਾਂ ਦੀਆਂ ਪੁਸਤਕਾਂ, ਵਿੱਦਿਆ ਪੜ੍ਹਨੀ, ਪਰ ਭਰੋਸਾ ਦ੍ਰਿੜ੍ਹ ਗੁਰਬਾਣੀ, ਅਕਾਲ ਪੁਰਖ ਉੱਤੇ ਹੀ ਰੱਖਣਾ ।
੩੨. ਗੁਰੂ ਉਪਦੇਸ਼ ਧਾਰਨ ਕਰਨੇ ।
੩੩. ਰਹਿਰਾਸ ਦਾ ਪਾਠ ਕਰ ਕੇ ਖੜੇ ਕੇ ਅਰਦਾਸ ਕਰਨੀ ।
੩੪. ਸੌਣ ਸਮੇਂ ਸੋਹਿਲੇ ਦਾ ਪਾਠ ਕਰਨਾ ।
੩੫. ਕੇਸ ਨੰਗੇ ਨਹੀਂ ਰੱਖਣੇ ।
੩੬. ਸਿੰਘਾਂ ਦਾ ਪੂਰਾ ਨਾਮ ਲੈ ਕੇ ਬੁਲਾਉਣਾ, ਅੱਧਾ ਨਹੀਂ ।
੩੭. ਸ਼ਰਾਬ ਨਹੀਂ ਪੀਣੀ-ਪਿਆਉਣੀ ।
੩੮. ਭਾਦਨੀ (ਸਿਰ ਮੁੰਨੇ) ਨੂੰ ਕੰਨਯਾ ਨਹੀਂ ਦੇਵਣੀ । ਉਸ ਘਰ ਦੇਵਣੀ ਜਿੱਥੇ ਅਕਾਲ ਪੁਰਖ ਦੀ ਸਿੱਖੀ ਹੋਵੇ ।
੩੯. ਸਭ ਕਾਰਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਤੇ ਗੁਰਬਾਣੀ ਅਨੁਸਾਰ ਕਰਨੇ ।
੪੦. ਚੁਗਲੀ ਕਰ ਕੇ ਕਿਸੇ ਦਾ ਕੰਮ ਨਹੀਂ ਵਿਗਾੜਨਾ ।
੪੧. ਕੌੜਾ ਬਚਨ ਕਰ ਕੇ ਕਿਸੇ ਦਾ ਹਿਰਦਾ ਨਹੀਂ ਦੁਖਾਉਣਾ ।
੪੨. ਦਰਸ਼ਨ ਯਾਤਰਾ ਗੁਰਦੁਆਰਿਆਂ ਦੀ ਹੀ ਕਰਨੀ ।
੪੩. ਬਚਨ ਕਰ ਕੇ ਪਾਲਣਾ ।
੪੪. ਅਤਿਥੀ, ਪਰਦੇਸੀ, ਲੋੜਵੰਦ, ਦੁਖੀ, ਅਪੰਗ ਮਨੁੱਖ ਦੀ ਯਥਾਸ਼ਕਤ ਸੇਵਾ ਕਰਨੀ ।
੪੫. ਧੀ ਦੀ ਕਮਾਈ/ਧਨ ਬਿਖ ਕਰ ਜਾਣਨਾ ।
੪੬. ਦਿਖਾਵੇ ਦੇ ਸਿੱਖ ਨਹੀਂ ਬਣਨਾ ।
੪੭. ਸਿੱਖੀ ਕੇਸਾਂ ਸੁਆਸਾਂ ਸੰਗ ਨਿਬਾਹੁਣੀ । ਕੇਸਾਂ ਨੂੰ ਗੁਰ ਸਮਾਨ ਜਾਣ ਅਦਬ ਕਰਨਾ ।
੪੮. ਚੋਰੀ, ਯਾਰੀ, ਠੱਗੀ, ਧੋਖਾ, ਦਗਾ ਨਹੀਂ ਕਰਨਾ ।
੪੯. ਗੁਰਸਿੱਖ ਦਾ ਇਤਬਾਰ ਕਰਨਾ ।
੫੦. ਝੂਠੀ ਗਵਾਹੀ ਨਹੀਂ ਦੇਣੀ ।
੫੧. ਝੂਠ ਨਹੀਂ ਕਹਿਣਾ/ਬੋਲਣਾ ।
੫੨. ਲੰਗਰ ਪ੍ਰਸ਼ਾਦਿ ਇਕ ਰਸ ਵਰਤਾਉਣਾ ।

## ਮਿਥਿਆ ਤਨ ਨਹੀ ਪਰਉਪਕਾਰਾ: ਭਾਗ – 1
### (ਹੱਡ-ਬੀਤੀਆਂ)
ਡਾ. ਬਲਦੇਵ ਸਿੰਘ, ਐਡਮਿੰਟਨ (ਕੈਨੇਡਾ)

ਕਈ ਸਾਲ ਪਹਿਲਾਂ ਦੀ ਗੱਲ ਹੈ। ਕੈਨੇਡਾ ਦੇ ਪੱਛਮੀ ਸੂਬੇ ਅਲਬਰਟਾ ਦੀ ਰਾਜਧਾਨੀ ਐਡਮਿੰਟਨ। ਭਰ ਸਰਦੀਆਂ ਦੀ ਇਕ ਹੱਡ-ਚੀਰਵੀਂ ਅਤਿ ਠੰਡੀ ਸ਼ਾਮ। ਤਾਪਮਾਨ ਮਸਾਂ -20 ਡਿਗਰੀ ਸੈਲਸੀਅਸ ਹੋਣਾ, ਪਰ ਤੇਜ਼ ਹਵਾ ਚਲਣ ਕਰਕੇ ਹੋਰ ਵੀ ਠੰਡਾ -30 ਡਿਗਰੀ ਦੇ ਕਰੀਬ ਮਹਿਸੂਸ ਹੋ ਰਿਹਾ ਸੀ। ਦੋ ਦਿਨਾਂ ਤੋਂ ਬਰਫੀਲਾ ਤੂਫਾਨ **(blizzard)** ਕਹਿਰ ਢਾਹ ਰਿਹਾ ਸੀ। ਬਰਫ ਲਗਾਤਾਰ ਪੈ ਰਹੀ ਸੀ। ਤੇਜ਼ ਹਵਾ ਵਿਚ ਉਡ ਰਹੀ ਬਰਫ ਨੇ ਸਾਹ ਸੂਤ ਰੱਖਿਆ ਸੀ।

ਜੀਵਨ ਦੀਆਂ ਲੋੜਾਂ ਪੂਰੀਆਂ ਕਰਨ ਲਈ ਐਸੇ ਮੌਸਮ ਵਿੱਚ ਵੀ ਸ਼ਾਪਿੰਗ ਮਾਲਾਂ ਤੇ ਸਟੋਰ ਖੁੱਲ੍ਹੇ ਰਹਿੰਦੇ ਹਨ। ਕੁਝ ਜ਼ਰੂਰੀ ਸੌਦਾ ਖਰੀਦਣ ਲਈ ਅੱਜ ਮੈਂ ਵੀ ਆਪਣੀ ਪਤਨੀ ਤੇ ਬੱਚਿਆਂ ਸਮੇਤ ਵਾਲਮਾਰਟ ਸਟੋਰ ਤੇ ਆਇਆ ਸੀ। ਹਨੇਰਾ ਤਾਂ ਇਨ੍ਹਾਂ ਦਿਨਾਂ ਵਿੱਚ ਚਾਰ ਕੁ ਵਜੇ ਹੀ ਹੋ ਜਾਂਦੈ। ਸਟੋਰ 'ਚੋਂ ਬਾਹਰ ਨਿਕਲਣ ਤਕ ਅੱਠ ਕੁ ਵੱਜ ਗਏ। ਛੇਤੀ ਛੇਤੀ ਤੁਰ ਕੇ ਪਾਰਕ ਕੀਤੀ ਕਾਰ ਤਕ ਪਹੁੰਚੇ। ਕਾਰ ਪੂਰੀ ਤਰ੍ਹਾਂ ਬਰਫ਼ ਨਾਲ ਢਕੀ ਪਈ ਸੀ। ਕਾਹਲੀ ਨਾਲ ਅੱਧ ਪਚੱਧੀ ਸਾਫ ਕਰਕੇ ਬੈਠਣ ਲੱਗੇ ਤਾਂ ਖਾਨਿਉਂ ਗਈ। ਦੇਖਿਆ ਕਿ ਕਾਰ ਦਾ ਇਕ ਪਿਛਲਾ ਟਾਇਰ ਪੂਰੀ ਤਰਾਂਹ ਫਿਸਿਆ ਪਿਆ (ਫਲੈਟ) ਸੀ। ਇਕ ਕਿੱਲ ਨੇ ਟਾਇਰ ਪੰਕਚਰ ਕਰ ਦਿੱਤਾ ਸੀ। ਹੁਣ ਇਕੋ ਚਾਰਾ ਸੀ ਕਿ ਫਲੈਟ ਟਾਇਰ ਲਾਹ ਕੇ ਸਪੇਅਰ ਟਾਇਰ ਲਗਾਇਆ ਜਾਵੇ।ਸੋ ਬੱਚਿਆਂ ਨੂੰ ਕਾਰ ਸਟਾਰਟ ਕਰਕੇ ਹੀਟ ਚਲਾ ਕੇ ਅੰਦਰ ਬਿਠਾ ਦਿੱਤਾ ਤੇ ਅਸੀਂ ਪਤੀ ਪਤਨੀ ਦਸਤਾਨੇ ਪਾ ਨੱਕ ਮੂੰਹ ਢਕ ਕੇ ਟਾਇਰ ਬਦਲਣ ਦਾ ਹੀਲਾ ਕਰਨ ਲੱਗੇ। ਅਜੇਹੇ ਕਸੂਤੇ ਮੌਸਮ ਵਿੱਚ ਟਾਇਰ ਬਦਲਣਾ ਮੇਰੇ ਵਰਗੇ ਸੋਹਲ ਬੰਦੇ ਲਈ ਇਕ ਵੱਡੀ ਚੁਣੌਤੀ ਸੀ। ਇਸ ਤੋਂ ਪਹਿਲਾਂ ਮੈਂ ਕਦੇ ਆਪੇ ਟਾਇਰ ਨਹੀਂ ਸੀ ਬਦਲਿਆ, ਪਰ ਤਰੀਕਾ ਪਤਾ ਸੀ। ਕਿਸੇ ਤਰਾਂ ਜੈਕ ਲਾ ਕੇ ਰੈਂਚ ਚਾਬੀ ਨਾਲ ਟਾਇਰ ਖੋਲਣ ਦੀ ਕੋਸ਼ਿਸ਼ ਕੀਤੀ ਪਰ ਜੰਗਾਲੇ ਨਟ ਖੁਲਣ ਦਾ ਨਾਂ ਹੀ ਨਾ ਲੈਣ। ਹੱਥ ਠਰਨ ਕਾਰਣ ਜ਼ੋਰ ਵੀ ਬਾਹਲਾ ਲੱਗ ਨਹੀਂ ਸੀ ਰਿਹਾ। ਬੜੀ ਕੋਸ਼ਿਸ਼ ਕੀਤੀ ਪਰ ਸਫਲਤਾ ਨਾ ਮਿਲੀ। ਕਾਰ ਪੁਰਾਣੀ ਸੀ ਤੇ ਟਾਇਰਾਂ ਦੇ ਨਟ ਚਿਰਾਂ ਦੇ ਖੋਲ੍ਹੇ ਗਏ ਨਹੀਂ ਸਨ ਲਗਦੇ।

ਸੁਣਿਆ ਸੀ ਕਿ ਜੰਗਾਲੇ ਜਾਂ ਜਾਮ ਹੋਏ ਨਟ ਜਾਂ ਪੇਚ ਖੋਲਣ leI **WD-40** ਨਾਂ ਦਾ ਤੇਲ **(lubircant)** ਕਾਰਗਰ ਹੁੰਦਾ ਹੈ। ਸੋ ਪਤਨੀ ਨੂੰ ਕਾਰ 'ਚ ਬਿਠਾ ਦੁਬਾਰਾ ਵਾਲਮਾਰਟ ਅੰਦਰ ਜਾ ਕੇ **WD-40** ਖਰੀਦ ਲਿਆਇਆ। ਨਟ ਬੋਲਟਾਂ ਉਤੇ ਸਪਰੇ ਕਰਕੇ ਫਿਰ ਜ਼ੋਰ ਲਾਇਆ ਪਰ ਇਕ ਵੀ ਨਟ ਟਸ ਤੋਂ ਮਸ ਨਾ ਹੋਇਆ।

ਠੰਡ ਨਾਲ ਹੱਥਾਂ ਦੀਆਂ ਉਂਗਲਾਂ ਵੀ ਹੁਣ ਜੰਮ ਰਹੀਆਂ ਸਨ। ਬਹੁਤੀ ਠੰਡ ਵਿੱਚ ਖੂਨ ਜੰਮਣ ਕਰਕੇ ਉਂਗਲਾਂ ਝੜਨ **(frostbite)** ਦਾ ਡਰ ਸੀ। ਉਪਰੋਂ ਹਵਾ ਵਿੱਚ ਉਡਦੀ ਬਰਫ਼ ਨੇ ਨੱਕ ਵਿੱਚ ਦਮ ਕੀਤਾ ਪਿਆ ਸੀ।ਦੋ ਮੀਟਰ ਤੋਂ ਵੀ 'ਗਾਂਹ ਨਹੀਂ ਸੀ ਦਿਸਦਾ। ਅੱਖਾਂ ਤੇ ਨੱਕ ਵਿੱਚੋਂ ਵਗਦੇ ਪਾਣੀ ਨੇ ਹੋਰ ਵੀ ਕਮਲ ਪਾ ਛੱਡਿਆ ਸੀ। ਕਈ ਵਾਰ ਸਪਰੇ ਕਰਕੇ ਜ਼ੋਰ ਲਾਣ ਦੇ ਬਾਵਜੂਦ ਵੀ ਗੱਲ ਨਾ ਬਣੀ।

ਮੇਰੇ ਕੋਲੋਂ ਦੀ ਲੰਘ ਕੇ ਲੋਕ ਕਾਹਲੀ ਕਾਹਲੀ ਆਪੋ ਆਪਣੀਆਂ ਕਾਰਾਂ ਵਲ ਜਾ ਰਹੇ ਸਨ। ਕਈ *'ਆਪਣੇ'* ਦਿਸਦੇ ਲੋਕ ਵੀ ਕੋਲੋਂ ਦੀ ਲੰਘੇ, ਮੈਨੂੰ ਜਦੋਜਹਿਦ ਕਰਦਿਆਂ ਉਨ੍ਹਾਂ ਦੇਖਿਆ ਵੀ ਹੋਣਾ, ਪਰ ਐਨੀ ਹੱਡ-ਚੀਰਵੀਂ ਠੰਡ ਵਿੱਚ ਭਲਾ ਕੌਣ ਰੁਕ ਕੇ ਪੁੱਛਦਾ ਜਾਂ ਮੱਦਦ ਕਰਨ ਦੀ ਹਿੰਮਤ ਕਰਦਾ। ਸਹੀ, ਜਾਂ ਸ਼ਾਇਦ ਮੈਨੂੰ ਭੁਲੇਖਾ ਹੀ ਲੱਗਾ ਹੋਵੇ, ਕਈ ਤਾਂ ਕੋਲੋਂ ਦੀ ਲੰਘਣ ਲੱਗਿਆਂ ਬੁਲ੍ਹਾਂ ਵਿੱਚ ਮੁਸਕਰਾ ਵੀ ਰਹੇ ਲਗਦੇ ਸਨ। ਸ਼ਾਇਦ ਕਹਿ ਰਹੇ ਹੋਣ, ਅਜੇਹੀ ਠੰਢ ਤੇ ਬਰਫੀਲੇ ਤੂਫਾਨ ਵਿੱਚ ਖਟਾਰਾ ਗੱਡੀ ਦਾ ਕੀ ਕੰਮ, ਲੈ ਹੁਣ ਸੁਆਦ ਸਰਦਾਰਾ।

ਮੈਨੂੰ ਸਮਝ ਨਹੀਂ ਸੀ ਪੈ ਰਹੀ ਕਿ ਕੀ ਕੀਤਾ ਜਾਵੇ। ਸ਼ਾਇਦ ਮੇਰਾ ਦਿਮਾਗ ਵੀ ਸੁੰਨ ਹੋ ਚੁੱਕਾ ਸੀ। "*ਐਮਰਜੈਂਸੀ ਸੜਕ ਤੇ ਕਾਰ ਸਹਾਇਤਾ*" ਦੀ ਮੈਂਬਰਸ਼ਿਪ ਮੈਂ ਲਈ ਨਹੀਂ ਸੀ ਹੋਈ ਜਿਸਨੂੰ ਬੁਲਾ ਸਕਦਾ। ਨਾਂ ਹੀ ਮੇਰੇ ਕੋਲ ਸੈੱਲ ਫੋਨ ਸੀ। ਵੈਸੇ ਜੇ ਫੋਨ ਹੁੰਦਾ ਤਾਂ ਵੀ ਕਿਸ ਨੂੰ ਬੁਲਾਉਂਦਾ ਕਿਉਂਕਿ ਸ਼ਹਿਰ ਵਿੱਚ ਤਾਂ ਮੈਂ ਕਿਸੇ ਨੂੰ ਜਾਣਦਾ ਹੀ ਨਹੀਂ ਸੀ। ਉਂਜ ਰਾਜ਼ ਦੀ ਗੱਲ ਹੈ, ਹੁਣ ਕਈ ਸਾਲਾਂ ਬਾਅਦ ਵੀ ਬਹੁਤ ਥੋੜੇ ਲੋਕਾਂ ਨਾਲ ਹੀ ਜਾਣ-ਪਛਾਣ ਹੈ ਮੇਰੀ। ਮੇਰੀ ਸ਼ਖਸੀਅਤ ਹੀ ਸ਼ਾਇਦ ਕੁੱਛ ਅੰਤਰਮੁਖੀ **(interovert)** ਕਿਸਮ ਦੀ ਹੈ।

ਖੈਰ, ਕਾਰ ਦੇ ਬਾਹਰ ਠੁਰ ਠੁਰ ਕਰਦਾ ਹਤਾਸ਼ ਤੇ ਪ੍ਰੇਸ਼ਾਨ ਖੜਾ ਮੈਂ ਕਿਸੇ ਹੱਲ ਬਾਰੇ ਸੋਚ ਹੀ ਰਿਹਾ ਸੀ ਕਿ ਪਤਾ ਨਹੀਂ ਕਿਥੋਂ ਇੱਕ ਗੋਰਾ ਨੌਜਵਾਨ ਮੇਰੇ ਕੋਲ ਆ ਕੇ ਅੰਗਰੇਜ਼ੀ ਵਿੱਚ ਕਹਿਣ ਲਗਾ, "ਕੀ ਮੈਂ ਤੁਹਾਡੀ ਕੋਈ ਮਦਦ ਕਰ ਸਕਦਾ ਹਾਂ?" ਉਸ ਨੇ ਸ਼ਾਇਦ ਮੈਨੂੰ ਪਹੀਏ ਦੇ ਨਟ ਖੋਹਲਣ ਦੀ ਅਸਫ਼ਲ ਕੋਸ਼ਿਸ਼ ਕਰਦਿਆਂ ਦੇਖ ਲਿਆ ਸੀ। ਮੈਂ ਥੋੜਾ ਹੈਰਾਨ ਜਿਹਾ ਤਾਂਹੋਇਆ ਪਰ ਫਿਰ ਰੱਬੋਂ-ਬਹੁੜੀ ਸਹਾਇਤਾ ਸਮਝ ਕੇ ਬਿਨਾਂ ਕੁਝ ਸੋਚੇ ਫਟਾਫਟ ਹਾਂ ਵਿੱਚ ਸਿਰ ਹਿਲਾ ਦਿੱਤਾ।

ਨਟ ਖੋਲਦਿਆਂ ਉਸ ਨੌਜਵਾਨ ਨੇ ਦੱਸਿਆ ਕਿ ਉਹ ਇਕ ਕਾਰ ਮਕੈਨਿਕ ਸੀ। ਉਸਦੇ ਕੱਪੜੇ ਵੀ ਮਕੈਨਕਾਂ ਵਾਲੇ ਪਾਏ ਹੋਏ ਸਨ। ਸ਼ਾਇਦ ਉਹ ਕੰਮ ਤੋਂ ਸਿੱਧਾ ਹੀ ਆ ਰਿਹਾ ਸੀ। ਉਸਨੇ ਮੇਰੇ ਬੱਚਿਆਂ ਤੇ ਪਤਨੀ ਨੂੰ ਵੀ ਕਾਰੋਂ ਬਾਹਰ ਆਉਣ ਲਈ ਨਹੀਂ ਕਿਹਾ। ਮੇਰੇ ਕਹਿਣ ਤੇ ਦੇਣ ਦੇ ਬਾਵਜੂਦ ਐਨੀ ਠੰਢ ਵਿੱਚ ਉਸਨੇ ਦਸਤਾਨੇ ਵੀ ਨਾਂ ਪਾਏ। ਪਤਾ ਨਹੀ ਕਿਵੇਂ, ਪਰ ਉਸ ਨੇ 5-7 ਮਿੰਟਾਂ ਵਿੱਚ ਹੀ ਫਲੈਟ ਟਾਇਰ ਲਾਹ ਕੇ ਸਪੇਅਰ ਟਾਇਰ ਫਿੱਟ ਕਰ ਦਿਤਾ।

ਮੈਂ ਉਸ ਦਾ ਦਿਲੋਂ ਧੰਨਵਾਦ ਕੀਤਾ ਤੇ ਉਸਦੇ ਹੱਥ, ਜੋ ਜੰਗਾਲ ਤੇ ਤੇਲ ਵਗੈਰਾ ਨਾਲ ਗੰਦੇ ਹੋ ਗਏ ਸਨ, ਪੂੰਝਣ ਲਈ ਪੇਪਰ ਨੈਪਕਨ ਦੇਣੇ ਚਾਹੇ, ਪਰ ਉਹ ਮੁਸਕਰਾ ਕੇ ਕਹਿਣ ਲੱਗਾ ਕਿ ਉਸਦੇ ਹੱਥ ਕੰਮ ਕਰ ਕਰ ਕੇ ਪੱਕੇ ਹੋ ਚੁੱਕੇ ਸਨ ਤੇ ਮੈਲੇ ਹੋਣ ਦੀ ਉਹ ਪ੍ਰਵਾਹ ਹੀ ਨਹੀਂ ਸੀ ਕਰਦਾ।

ਮੈਂ ਫਿਰ ਉਸਦਾ ਧੰਨਵਾਦ ਕੀਤਾ ਤੇ ਉਹ ਕਾਹਲੀ ਕਾਹਲੀ ਉਥੋਂ ਚਲਾ ਗਿਆ। ਉਹ ਗੋਰਾ ਨੌਜਵਾਨ ਕੌਣ ਸੀ, ਕਿੱਥੋਂ ਆਇਆ ਤੇ ਮੇਰੀ ਸਹਾਇਤਾ ਕਰਕੇ ਕਿੱਥੇ ਚਲਾ ਗਿਆ, ਮੈਨੂੰ ਕੋਈ ਪਤਾ ਨਹੀਂ।

ਪਰ ਮੇਰੇ ਦਿਲ ਉਤੇ ਇਕ ਕੋਮਲ ਪ੍ਰਭਾਵ ਸਦਾ ਲਈ ਛੱਡ ਗਿਆ ਕਿ ਅੰਤਰਜਾਮੀ ਪ੍ਰਮਾਤਮਾ ਕਿਵੇਂ ਤੇ ਕਿਨ੍ਹਾਂ ਰੂਪਾਂ ਵਿੱਚ ਆਪਣੇ ਜੀਵਾਂ ਦੀ ਸੰਭਾਲ ਕਰਦਾ ਹੈ। ਅਹਿਸਾਸ ਹੋਇਆ ਕਿ ਬਿਨ-ਕਹੀ ਸੁਣੀ ਅਰਦਾਸ ਵੀ ਕਬੂਲ ਹੋ ਜਾਂਦੀ ਹੈ।

***ਵਿਣੁ ਬੋਲਿਆ ਸਭੁ ਕਿਛੁ ਜਾਣਦਾ ਕਿਸੁ ਆਗੈ ਕੀਚੈ ਅਰਦਾਸਿ ॥*** (ਗੁਰੂ ਗ੍ਰੰਥ ਸਾਹਿਬ, ਪੰਨਾ 1413)

ਉਹ ਨੌਜਵਾਨ ਧਰਮਾਂ ਦੀ ਦੁਨਿਆਵੀ ਪਰਿਭਾਸ਼ਾ ਅਨੁਸਾਰ ਭਾਵੇਂ ਸਿੱਖ ਨਹੀਂ ਸੀ, ਪਰ ਮੇਰੇ ਲਈ ਗੁਰੂਆਂ ਦੀ ਸਾਂਝੀਵਾਲਤਾ ਅਤੇ ਪਰਉਪਕਾਰ ਦੀ ਸਿੱਖਿਆ ਉਤੇ ਚਲਣ ਵਾਲਾ ਉਹ 'ਸੱਚਾ ਸਿੱਖ' ਸੀ। ਚਾਹੁੰਦਾ ਤਾਂ ਹੋਰਨਾਂ ਵਾਂਗ ਉਹ ਵੀ ਕੋਲੋਂ ਦੀ ਘੇਸਲ ਵੱਟ ਲੰਘ ਜਾਂਦਾ, ਜਾਂ ਇਕ ਪੱਗ ਵਾਲੇ ਸਿੱਖ ਦੀ ਮੱਦਦ ਕਰਨ ਤੋਂ ਕਤਰਾਂਉਦਾ। ਪਰ ਨਹੀਂ, ਉਹ ਜ਼ਰੂਰ ਇੱਕ ਨੇਕ ਤੇ ਪਵਿੱਤਰ ਰੂਹ ਦਾ ਮਾਲਕ ਹੋਣੈ। 'ਆਪਣਾ' ਜਾਂ 'ਪਰਾਇਆ' ਕਿਸਨੂੰ ਕਹਿੰਦੇ ਹਨ, ਮੈਨੂੰ ਨਹੀਂ ਪਤਾ, ਪਰ ਮੇਰੇ ਲਈ ਦੋਸਤ-ਦੁਸ਼ਮਨ ਦਾ ਫ਼ਰਕ ਨਾ ਰੱਖਣ ਵਾਲਾ ਉਹ ਭਾਈ ਕਨ੍ਹਈਆ ਦਾ ਰੂਪ ਹੀ ਤਾਂ ਸੀ, ਜਾਂ ਫਿਰ ਭਾਈ ਲਾਲੋ ਵਰਗਾ ਕਰਮਯੋਗੀ। ਗੁਰਬਾਣੀ ਦਾ ਸੰਦੇਸ਼ ਉਸਦੇ ਕਿਰਦਾਰ ਤੇ ਪੂਰਾ ਢੁਕਦਾ ਹੈ:

***ਪਰਉਪਕਾਰੁ ਨਿਤ ਚਿਤਵਤੇ ਨਾਹੀ ਕਛੁ ਪੋਚ*** ॥(ਗੁਰੂ ਗ੍ਰੰਥ ਸਾਹਿਬ, ਪੰਨਾ 815)॥

***ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥***
(ਗੁਰੂ ਗ੍ਰੰਥ ਸਾਹਿਬ, ਪੰਨਾ 1299)

ਮੇਰਾ ਜੀ ਤਾਂ ਬੜਾ ਕਰਦਾ ਸੀ ਉਸ ਕਿਰਤੀ ਨੌਜਵਾਨ ਨੂੰ ਗਲਵੱਕੜੀ ਪਾ ਉਸ ਦੇ ਪਵਿੱਤਰ ਕਿਰਤੀ ਹੱਥਾਂ ਨੂੰ ਚੁੰਮ ਲਵਾਂ। ਪਰ ਮੌਕਾ ਹੀ ਨਾ ਮਿਲਿਆ; ਉਸ ਦਾ ਨਾਂ ਤੱਕ ਨਾ ਪੁੱਛ ਸਕਿਆ। ਨਿਰਸਵਾਰਥ ਅਤੇ ਬਿਨਾਂ ਰੰਗ-ਭੇਦ, ਧਰਮ ਜਾਂ ਜਾਤੀਵਾਦ ਦੇ ਖਿਆਲ ਦੇ ਨਿਰੋਲ ਮਨੁੱਖੀ ਅਧਾਰ ਤੇ ਕੀਤੀ ਮੱਦਦ ਲਈ ਉਸ ਅਜਨਬੀ ਨੌਜਵਾਨ ਨੂੰ ਮੇਰਾ ਸਨਿਮਰ ਪ੍ਰਣਾਮ।

ਅਰਦਾਸ ਹੈ, ਅਸੀਂ ਸਾਰੇ ਵੀ, ਜੋ ਬਹੁਤ ਵਾਰ ਕੇਵਲ ਸਿੱਖ ਪਰਿਵਾਰ ਵਿੱਚ ਜਨਮ ਲੈਣ ਕਾਰਣ ਹੀ ਸਿੱਖ ਕਹਾਉਣ ਵਿੱਚ ਘਮੰਡ ਦੀ ਹੱਦ ਤਕ ਫ਼ਖਰ ਮਹਿਸੂਸ ਕਰਦੇ ਹਾਂ, ਉਂਗਲ ਤੇ ਖ਼ੂਨ ਲਾ ਸ਼ਹੀਦ ਬਣਨ ਦੀ ਵੀ ਕੋਸ਼ਿਸ਼ ਕਰਦੇ ਹਾਂ, ਗਿਆਨ ਦੇ ਸਾਗਰ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਤੇ ਚੱਲ ਕੇ ਕਥਨੀ ਅਤੇ ਕਰਨੀ ਵਿੱਚ ਪ੍ਰਪੱਕ ਰਹਿ ਕੇ ਸਹੀ ਅਰਥਾਂ ਵਿੱਚ ਗੁਰੂ ਦੇ ਸਿੱਖ ਕਹਾਉਣ ਦੇ ਯੋਗ ਤੇ ਹੱਕਦਾਰ ਹੋ ਸਕੀਏ।

***ਨਾਨਕ ਘਟਿ ਘਟਿ ਏਕੋ ਵਰਤਦਾ ਸਬਦਿ ਕਰੇ ਪਰਗਾਸ*** ॥(ਗੁਰੂ ਗ੍ਰੰਥ ਸਾਹਿਬ, ਪੰਨਾ 1413)॥

## ਇਸ ਅੰਕ ਦੇ ਲੇਖਕਾਂ ਬਾਰੇ ਜਾਣਕਾਰੀ

**ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ** ਦੇ ਲੇਖ ਅਤੇ ਗੀਤ ਦੁਨੀਆਂ ਭਰ ਵਿੱਚ ਪ੍ਰਸਿੱਧ ਹਨ। ਉਹ ਵਿਸ਼ਵ ਪੰਜਾਬੀ ਕਵੀ ਸਭਾ ਦੇ ਸਕੱਤਰ ਅਤੇ ਕੈਲਗਰੀ ਵੂਮੈਨ ਕਲਚਰਲ ਐਸੋਸੀਏਸ਼ਨ ਦੇ ਜਨਰਲ ਸਕੱਤਰ ਹਨ। ਉਨ੍ਹਾਂ ਨੇ ਸੱਤ ਕਿਤਾਬਾਂ (ਕਵਿਤਾ ਅਤੇ ਵਾਰਤਕ) ਪ੍ਰਕਾਸ਼ਿਤ ਕੀਤੀਆਂ ਹਨ। ਕੈਨੇਡਾ ਦੀ ਫੈਡਰਲ ਸਰਕਾਰ ਦੁਆਰਾ ਦੋ ਵਾਰ ਅਤੇ ਭਾਰਤ ਅਤੇ ਵਿਦੇਸ਼ਾਂ ਵਿੱਚ ਕਈ ਵਾਰ ਸਨਮਾਨ ਮਿਲੇ। ਉਨ੍ਹਾਂ ਨੂੰ 'ਦੇਸ ਪੰਜਾਬ ਟਾਈਮਜ਼', ਕੈਲਗਰੀ, ਦੁਆਰਾ 'ਭਾਈ ਵੀਰ ਸਿੰਘ ਜੀ' ਅਵਾਰਡ ਨਾਲ ਵੀ ਸਨਮਾਨਿਤ ਕੀਤਾ ਗਿਆ। gurdish.grewal@gmail.com)

**ਡਾ. ਕਾਬਲ ਸਿੰਘ,** ਐਮ.ਐਸ.ਸੀ. ਅਤੇ ਪੀ.ਐਚ.ਡੀ. ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ, ਤੋਂ ਕਰ ਕੇ ਭਾਰਤ, ਜ਼ੈਂਬੀਆ ਅਤੇ ਕੈਨੇਡਾ ਵਿੱਚ ਕਈ ਮਹੱਤਵਪੂਰਣ ਵਿਭਾਗਾਂ ਦੇ ਮੁਖੀ, ਤਕਨੀਕੀ ਸਲਾਹਕਾਰ ਅਤੇ ਕਾਲਜਾਂ ਦੇ ਡੀਨ ਰਹੇ। ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕੀਤਾ ਅਤੇ ਗੁਰਬਾਣੀ ਦੀ ਰੋਸ਼ਨੀ ਵਿੱਚ ਸਮਕਾਲੀ ਮਸਲਿਆਂ ਬਾਰੇ ਲਿਖਿਆ। ਉਨ੍ਹਾਂ ਨੇ ਲੈਕਚਰਾਂ ਅਤੇ ਜ਼ੂਮ ਪੇਸ਼ਕਾਰੀਆਂ ਰਾਹੀਂ ਸੰਗਤ ਨਾਲ ਮਜ਼ਬੂਤ ਤਾਲਮੇਲ ਸਥਾਪਿਤ ਕੀਤਾ ਹੈ।(singhkabal285@gmail.com)

ਡਾ. ਬਲਦੇਵ ਸਿੰਘ, ਐਮ.ਐਸ.ਸੀ. ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੋਂ ਅਤੇ ਪੀ.ਐਚ.ਡੀ. ਯੂਨੀਵਰਸਿਟੀ ਆਫ ਅਲਬਰਟਾ ਤੋਂ ਹਾਸਲ ਕੀਤੀ। 20 ਸਾਲਾਂ ਤੋਂ ਵੱਧ ਸਮਾਂ ਮਿੱਟੀ, ਪਾਣੀ, ਫਸਲ ਅਤੇ ਵਾਤਾਵਰਣ ਪ੍ਰਬੰਧਨ ਵਿਚ ਪ੍ਰੋਫੈਸਰ ਵਜੋਂ ਕੰਮ ਕੀਤਾ ਹੈ।

ਉਨ੍ਹਾਂ ਨੇ ਪੀ.ਐਚ.ਡੀ. ਲਈ "ਕੈਨੇਡੀਅਨ ਕਾਮਨਵੈਲਥ ਸਕਾਲਰਸ਼ਿਪ" ਪ੍ਰਾਪਤ ਕੀਤਾ ਅਤੇ ਕੁਸ਼ਲ ਸਰੋਤ ਪ੍ਰਬੰਧਨ ਲਈ ਟੀਮ ਖੋਜ ਅਵਾਰਡ ਮਿਲਿਆ। ਉਹ ਅਲਬਰਟਾ ਯੂਨੀਵਰਸਿਟੀ, ਅਲਬਰਟਾ ਐਨਵਾਇਰਮੈਂਟ, ਅਤੇ ਕਈ ਕੰਪਨੀਆਂ ਨਾਲ ਸਲਾਹਕਾਰ ਵੀ ਰਹੇ ਹਨ। (baldev3@yahoo.com)

**ਪ੍ਰੋਫੈਸਰ ਮਨਿੰਦਰ ਸਿੰਘ**, ਐਮ.ਏ., ਗੁਰੂ ਨਾਨਕ ਕਾਲਜ ਧਨਬਾਦ ਵਿੱਚ ਲੈਕਚਰਾਰ ਰਹੇ। ਭਾਰਤ, ਮਲੇਸ਼ੀਆ, ਸਿੰਗਾਪੁਰ, ਕੈਨੇਡਾ ਵਿੱਚ ਸਿੱਖ ਵਿਦਿਆਰਥੀਆਂ ਨੂੰ ਗੁਰਮਤਿ ਦੀ ਸਿੱਖਿਆ ਦਿੱਤੀ, ਬੱਚਿਆਂ ਲਈ ਇੱਕ ਪੰਜਾਬੀ ਮੈਗਜ਼ੀਨ "ਜੋਤ ਤੇ ਜੁਗਤ" ਅਤੇ 4 ਕਿਤਾਬਾਂ ਦਾ ਸੰਪਾਦਨ ਕੀਤਾ।( http://www.mypanorama.ca)

**ਡਾ. ਹਰਸ਼ਿੰਦਰ ਕੌਰ** ਐੱਮ.ਡੀ. ਹਨ। ਲੈਕਚਰ ਦੇ ਕੇ ਸਮਾਜ ਵਿਚ ਜਾਗਰੂਪਤਾ ਲਿਆ ਰਹੇ ਹਨ। ਅਨਾਥ 450 ਲੜਕੀਆਂ ਨੂੰ ਮੁਫਤ ਸਿੱਖਿਆ ਦੇ ਰਹੇ ਹਨ, 41 ਸਨਮਾਨਿਤ ਕਿਤਾਬਾਂ ਅਤੇ ਕਈ ਲੇਖ ਲਿਖੇ ਹਨ। ਚੋਟੀ ਦੀਆਂ ਭਾਰਤੀ ਮਹਿਲਾਵਾਂ ਵਿਚ ਰਾਸ਼ਟਰਪਤੀ ਦੁਆਰਾ ਸਨਮਾਨ, ਪੰਜਾਬ ਸਰਕਾਰ ਤੋਂ ਪੁਰਸਕਾਰ ਅਤੇ 'ਸਿੱਖ ਰੋਲ ਮਾਡਲ' ਸਨਮਾਨ ਮਿਲੇ ਹਨ। ਸੰਯੁਕਤ ਰਾਸ਼ਟਰ', 'ਵੂਮੈਨ ਰਾਈਟਸ ਐਕਟੀਵਿਸਟ', 'ਰੋਟਰੀ ਵੋਕੇਸ਼ਨਲ', ਅਤੇ ਕੈਨੇਡਾ ਤੇ ਕੈਲੀਫੋਰਨੀਆ ਦੀਆਂ ਸੰਸਦਾਂ ਵਿੱਚ ਅਵਾਰਡ ਪ੍ਰਾਪਤ ਕੀਤ ਹਨ। ਕਈ ਟੀ. ਵੀ. ਚੈਨਲਾਂ ਨੇ ਉਨ੍ਹਾਂ ਦੇ ਕੰਮ 'ਤੇ ਅਧਾਰਿਤ ਫਿਲਮਾਂ ਬਣਾਈਆਂ ਹਨ।

**ਸ੍ਰੀਮਤੀ ਨਰਿੰਦਰ ਕੌਰ** ਨੇ ਪੰਜਾਬ ਯੂਨੀਵਰਸਿਟੀ ਤੋਂ ਐਮ. ਏ. (ਅਰਥ ਸ਼ਾਸਤਰ) ਕੀਤੀ, ਫਿਰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅਮਿਤਸਰ, ਤੋਂ ਐਮ.ਏ. (ਸਮਾਜ ਵਿਗਿਆਨ), ਗੋਲਡ ਮੈਡਲ ਨਾਲ ਐਮ.ਐਸ.ਸੀ. (ਲਾਇਬ੍ਰੇਰੀ ਅਤੇ ਸੂਚਨਾ ਵਿਗਿਆਨ) ਦੀਆਂ ਡਿਗਰੀਆਂ ਪ੍ਰਾਪਤ ਕੀਤੀਆਂ। ਉਨ੍ਹਾਂ ਨੇ 1980 ਤੋਂ 2005 ਤਕ ਖਾਲਸਾ ਕਾਲਜ, ਅੰਮ੍ਰਿਤਸਰ, ਵਿੱਚ ਲਾਇਬ੍ਰੇਰੀਅਨ ਵਜੋਂ ਕੰਮ ਕੀਤਾ।

**ਸਰਦਾਰ ਕਰਮਜੀਤ ਸਿੰਘ ਨੂਰ** 2008 ਵਿਚ (XEN-PSEB) ਰਿਟਾਇਰ ਹੋਏ। ਅੱਠ ਕਾਵਿ ਸੰਗ੍ਰਹਿ ਛਪੇ ਹਨ। ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਲੁਧਿਆਣਾ, ਦੇ ਮੀਤ ਪ੍ਰਧਾਨ ਤੇ ਸਕੱਤਰ ਸਨ। ਇੰਗਲੈਂਡ, ਅਮਰੀਕਾ ਅਤੇ ਪਾਕਿਸਤਾਨ ਵਿਖੇ ਕਵੀ ਦਰਬਾਰਾਂ ਵਿਚ ਸਨਮਾਨ ਪ੍ਰਾਪਤ ਹੋਏ। ਦਿੱਲੀ ਵਿਖੇ ਸਪਤ-ਸ੍ਰਿੰਗ ਕਵੀ ਸਭਾ ਵਲੋਂ ਸ੍ਰ. ਪ੍ਰੀਤਮ ਸਿੰਘ ਕਾਸਦ ਯਾਦਗਾਰੀ ਪੁਰਸਕਾਰ ਦਿਤਾ ਗਿਆ। ਰੇਡੀਓ ਅਤੇ ਦੂਰਦਰਸ਼ਨ ਜਲੰਧਰ ਵਲੋਂ ਕਵੀ ਦਰਬਾਰਾਂ ਦਾ ਸੰਚਾਲਨ ਕੀਤਾ। ਸ੍ਰੀ ਦਸਮੇਸ਼ ਇੰਟਰਨੈਸ਼ਨਲ ਪੰਜਾਬੀ ਕਵੀ ਸਭਾ ਦੀ ਪ੍ਰਧਾਨਗੀ ਕਰ ਰਹੇ ਹਨ। ( ksnoor50@gmail.com)

**ਸਰਦਾਰ ਜਸਵਿੰਦਰ ਸਿੰਘ ਰੂਪਾਲ**, ਐਮ. ਏ. (ਪੰਜਾਬੀ, ਅੰਗਰੇਜ਼ੀ, ਅਰਥ-ਸ਼ਾਸਤਰ, ਮਨੋ-ਵਿਗਿਆਨ ਅਤੇ ਪੱਤਰਕਾਰੀ ਵਿਚ) ਅਤੇ ਬੀ. ਐਡ. ਕਰ ਕੇ ਲੈਕਚਰਾਰ ਰਹੇ ਹਨ। ਗ਼ਜ਼ਲ, ਛੰਦ-ਬੰਦੀ ਕਾਵਿ, ਹਾਇਕੂ, ਕਹਾਣੀ, ਲੇਖ ਅਤੇ ਆਲੋਚਨਾ ਦੀਆਂ 30 ਪੁਸਤਕਾਂ ਛਪੀਆਂ ਹਨ। ਦੇਸ਼ ਵਿਦ ਵਿੱਚ ਲਿਖਤਾਂ ਛਾਪਦੇ ਆ ਰਹੇ ਹਨ। ਪੰਜਾਬੀ-ਸਾਂਝ (ਜਰਮਨ) ਦੇ ਸਹਿ-ਸੰਪਾਦਕ ਹਨ। (rupaljs@gmail.com).

**ਡਾ. ਰਾਜਬੀਰ ਸਿੰਘ ਭੱਟੀ** ਨੇ ਪੰਜਾਬ ਤੋਂ **Industrial Engineering** ਵਿਚ **M. Tech**. ਕਰ ਕੇ ਫਿਰ **Ph. D. Indian Institute of Technology (IIT) Roorkee** ਤੋਂ ਕੀਤੀ। ਹੁਣ **Mount Royal University, Calgary** ਵਿੱਚ **Associate Professor** ਅਤੇ ਤਿੰਨ ਵਿਭਾਗਾਂ ਦੇ ਮੁਖੀ ਹਨ।

**ਪ੍ਰੋਫੈਸਰ (ਡਾ:) ਸੁਰਜੀਤ ਸਿੰਘ ਭੱਟੀ** ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਮੁਖੀ (ਭੌਤਿਕ ਵਿਗਿਆਨ) ਅਤੇ ਡੀਨ (ਸਾਇੰਸਿਸ) ਰਹੇ। ਦੋ ਨਵੇਂ ਇੰਜੀਨਿਅਰਿੰਗ ਕਾਲਜ ਬਣਾਏ। ਕਾਨਫਰੰਸਾਂ ਲਈ ਕਈ ਮੁਲਕਾਂ ਵਿਚ ਗਏ, 12 ਪੀਐਚ.ਡੀ. ਖੋਜ ਨਿਬੰਧਾਂ ਦਾ ਮਾਰਗਦਰਸ਼ਨ ਕੀਤਾ, ਪ੍ਰਸਿੱਧ ਅੰਤਰਰਾਸ਼ਟਰੀ ਰਸਾਲਿਆਂ (ਅਤੇ ਤਿੰਨ ਪੁਸਤਕਾਂ) ਵਿੱਚ 100 ਤੋਂ ਵੱਧ ਪੇਪਰ ਪ੍ਰਕਾਸ਼ਿਤ ਕੀਤੇ।

## <u>ਲੇਖਕਾਂ ਲਈ ਜ਼ਰੂਰੀ ਜਾਣਕਾਰੀ</u>

1. ਮੈਗਜ਼ੀਨ ਦੀ ਨੀਤੀ: ਪੰਜਾਬੀ ਭਾਸ਼ਾ, ਸੱਭਿਆਚਾਰ, ਇਤਿਹਾਸ, ਵਿਰਾਸਤ ਸੰਬੰਧਤ ਨਿਰਪੱਖ, ਗੈਰ-ਸਿਆਸੀ, ਗੈਰ-ਨਿੱਜੀ ਲਿਖਤਾਂ, ਸਮੀਖਿਆ ਕਰਕੇ ਛਾਪਣਾ।
2. ਲੇਖਕਾਂ ਦੇ ਵਿਚਾਰਾਂ ਲਈ ਜ਼ਿਮੇਵਾਰੀ ਲੇਖਕਾਂ ਦੀ ਹੀ ਹੋਵੇਗੀ, ਸੰਪਾਦਕੀ ਬੋਰਡ ਦੀ ਨਹੀਂ।
3. ਲਿਖਤ "ਅਨਮੋਲ ਲਿਪੀ" ਵਿਚ ਜਾਂ Times New Roman (14 ਫੌਂਟ) ਵਿਚ ਹੋਵੇ।
4. ਪ੍ਰਿੰਟ-ਸਕ੍ਰੀਨ, ਫੋਟੋ-ਕਾਪੀ, ਸਨਿੱਪ-ਟੂਲ, ਪੀ ਡੀ ਐਫ ਜਾਂ ਆਫਿਸ ਲੈਂਸ ਨਾ ਭੇਜੋ ਜੀ।
5. ਸਿੰਗਲ (1.0) ਲਾਈਨ ਸਪੇਸਿੰਗ ਅਤੇ ਹਾਸ਼ੀਏ ਚਾਰੇ ਪਾਸੇ ਇੱਕ ਇੰਚ ਜਗ੍ਹਾ ਛੱਡੀ ਹੋਵੇ।
6. ਲੇਖਕ ਆਪਣਾ ਨਾਮ, ਸ਼ਹਿਰ, ਦੇਸ਼, ਫ਼ੋਨ, ਈ-ਮੇਲ, ਵੱਟਸਐਪ ਤੇ ਸੰਖੇਪ ਜਾਣਕਾਰੀ ਦੇਣ। ਜੇ ਚਾਹੋ ਤਾਂ ਫੋਟੋ ਵੀ ਭੇਜ ਸਕਦੇ ਹੋ।
7. ਕੁਲ ਲੰਬਾਈ (ਲੈਪਟਾਪ ਦੇ) ਦੋ ਪੰਨੇ ਜਾਂ 800 ਸ਼ਬਦ (ਫੋਟੋ ਲਈ ਸਪੇਸ ਸਮੇਤ) ਹੋਵੇ।
8. ਲੰਬੇ ਲੇਖ *sanjihivrasat.org* ਦੇ 'ਬਲੌਗ' (Blog) ਉਤੇ ਜਾਂ ਲੜੀਵਾਰ ਛਾਪੇ ਜਾਣਗੇ।
9. ਲੇਖਕਾਂ ਦੀ ਜ਼ਿਮੇਵਾਰੀ ਹੋਵੇਗੀ ਇਹ ਦੇਖਣਾ ਕਿ '*Copyright Infringement'* ਨਾ ਹੋਵੇ।
10. ਹਵਾਲੇ ਵਿਚ ਟਾਈਟਲ, ਮੂਲ ਲੇਖਕ, ਜਰਨਲ ਦਾ ਅੰਕ / ਕਿਤਾਬ ਦਾ ਨਾਮ, ਸਾਲ ਤੇ ਪੰਨਾਂ ਨੰਬਰ ਦਿੱਤਾ ਜਾਵੇ। ਗੁਰਬਾਣੀ ਲਈ ਸਰੋਤ ਤੇ ਪੰਨਾਂ ਨੰਬਰ ਦਸਣਾ ਜ਼ਰੂਰੀ ਹੈ ਜੀ।

## <u>Important Information for Authors</u>

1. **Magazine Policy** : To Promote Punjabi Culture, History and Heritage. (Secular, Non-Political, Non-Personal Articles/Poems, after Review).
2. **Editorial Board** : Will not be responsible for views of Authors / Poets.
3. **Font size 14** : Panjabi-'Anmol Lipi' (English -Times New Roman)
4. **Spacing, margin** : Line-to-line 1.0, Margins One Inch on all four sides.
5. **Format -WORD** : No PDF, Photocopy, Print-screen, Snip, Office-Lens
6. **Author's Data** : Name, City (Country), A Brief (own) Introduction, Give Phone, E-mail, or WhatsApp. (photo optional).
7. **Maximum Length** : Two pages (Including Photo) of 800 Laptop words.
8. **Longer Articles** : On BLOG Website *(sanjhivirasat.org)* or serialized.
9. **Copy-Right** (CR) : Authors will ensure there is 'No CR' Infringement.
10. **References/Photos** : Source (Author, Title, Journal / Book, Year, Pages.

## ਸੰਪਾਦਕੀ ਮੰਡਲ (ਸਾਂਝੀ ਵਿਰਾਸਤ)

Editorial Board (*Sanjhi Virasat*)


| | |
|---|---|
| ਡਾ. ਰਾਜਾ ਬਲਰਾਜ ਸਿੰਘ | ਕੈਲਗਰੀ (ਕੈਨੇਡਾ) |
| ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ | ਕੈਲਗਰੀ (ਕੈਨੇਡਾ) |
| ਪ੍ਰੋਫ਼ੈਸਰ ਮਨਿੰਦਰ ਸਿੰਘ | ਐਡਮਿੰਟਨ (ਕੈਨੇਡਾ) |
| ਡਾ. ਕਾਬਲ ਸਿੰਘ | ਐਡਮਿੰਟਨ (ਕੈਨੇਡਾ) |
| ਡਾ. ਬਲਦੇਵ ਸਿੰਘ | ਐਡਮਿੰਟਨ (ਕੈਨੇਡਾ) |
| ਸਰਦਾਰ ਜਗਬੀਰ ਸਿੰਘ ਕੋਹਲੀ | ਕੈਲਗਰੀ (ਕੈਨੇਡਾ) |
| ਸਰਦਾਰ ਪਰਮਜੀਤ ਸਿੰਘ | ਟੋਰੋਂਟੋ (ਕੈਨੇਡਾ) |
| ਪ੍ਰਿੰਸੀਪਲ ਮਨਮੋਹਨ ਕੌਰ | ਦਿੱਲੀ (ਭਾਰਤ) |
| ਸਰਦਾਰ ਉਂਕਾਰ ਸਿੰਘ ਟਿਵਾਣਾ | ਓਨਟਾਰੀਓ (ਕੈਨੇਡਾ) |
| ਡਾ. ਰਾਜਬੀਰ ਸਿੰਘ ਭੱਟੀ (ਮੁਖ ਤਕਨੀਕੀ ਸੰਪਾਦਕ) | ਕੈਲਗਰੀ (ਕੈਨੇਡਾ) |
| ਸਰਦਾਰ ਯੁਵਰਾਜ ਸਿੰਘ (ਤਕਨੀਕੀ ਸਲਾਹਕਾਰ) | ਕੈਲਗਰੀ (ਕੈਨੇਡਾ) |
| ਡਾ. ਸੁਰਜੀਤ ਸਿੰਘ ਭੱਟੀ (ਮੁਖ ਸੰਪਾਦਕ) | ਕੈਲਗਰੀ (ਕੈਨੇਡਾ) |

ਸਲਾਹਕਾਰ

| | |
|---|---|
| ਡਾ. ਕਾਲਾ ਸਿੰਘ | ਵੈਨਕੂਵਰ (ਕੈਨੇਡਾ) |
| ਡਾ. ਦਵਿੰਦਰ ਸਿੰਘ ਸੇਖੋਂ | ਵਿੰਡਸਰ (ਕੈਨੇਡਾ) |
| ਡਾ. ਦਵਿੰਦਰ ਪਾਲ ਸਿੰਘ | ਮਿਸੀਸਾਗਾ (ਕੈਨੇਡਾ) |
| ਡਾ. ਜਗਜੀਤ ਸਿੰਘ | ਵੈਨਕੂਵਰ (ਕੈਨੇਡਾ) |
| ਸਰਦਾਰ ਕਰਮਜੀਤ ਸਿੰਘ ਨੂਰ | ਜਲੰਧਰ (ਭਾਰਤ) |
| ਸਰਦਾਰਨੀ ਅਮ੍ਰਿਤਪਾਲ ਕੌਰ | ਜਲੰਧਰ (ਭਾਰਤ) |
| ਸ਼੍ਰੀ ਰਿਸ਼ੀ ਨਾਗਰ | ਕੈਲਗਰੀ (ਕੈਨੇਡਾ) |
| ਸ੍ਰ. ਰਣਸ਼ੇਰ ਰਾਜ ਸਿੰਘ (ਤਕਨੀਕੀ ਸਹਾਇਕ) | ਕੈਲਗਰੀ (ਕੈਨੇਡਾ) |

## ਐਡੀਟੋਰੀਅਲ ਬੋਰਡ
(Editorial Board)



ਡਾ. ਰਾਜਾ ਬਲਰਾਜ ਸਿੰਘ



ਗੁਰਦੀਸ਼ ਕੌਰ ਗਰੇਵਾਲ



ਪ੍ਰੋਫ਼ੈਸਰ ਮਨਿੰਦਰ ਸਿੰਘ



ਡਾ. ਕਾਬਲ ਸਿੰਘ



ਡਾ. ਬਲਦੇਵ ਸਿੰਘ



ਸ੍ਰ. ਜਗਬੀਰ ਸਿੰਘ ਕੋਹਲੀ



ਸ੍ਰ. ਪਰਮਜੀਤ ਸਿੰਘ



ਪ੍ਰਿੰਸੀਪਲ ਮਨਮੋਹਨ ਕੌਰ



ਸ੍ਰ. ਉਂਕਾਰ ਸਿੰਘ ਟਿਵਾਣਾ



ਡਾ. ਰਾਜਬੀਰ ਸਿੰਘ ਭੱਟੀ



ਸ੍ਰ. ਯੁਵਰਾਜ ਸਿੰਘ



ਡਾ. ਸੁਰਜੀਤ ਸਿੰਘ ਭੱਟੀ

## ਸਲਾਹਕਾਰ ਬੋਰਡ



ਡਾ. ਕਾਲਾ ਸਿੰਘ



ਡਾ. ਡੀ. ਪੀ. ਸਿੰਘ



ਡਾ. ਜਗਜੀਤ ਸਿੰਘ



ਡਾ. ਦਵਿੰਦਰ ਸਿੰਘ ਸੇਖ਼ੋਂ



ਸ੍ਰ. ਕਰਮਜੀਤ ਸਿੰਘ ਨੂਰ



ਅਮ੍ਰਿਤਪਾਲ ਕੌਰ



ਰਿਸ਼ੀ ਨਾਗਰ



Ransher Raj Singh
(Technical Astt.)

## Appendix

## ECLIPSES of YEARS – 2024 and 2025– 2024

---

### Eclipses during 2024

**Year 2024 has 2 solar eclipses and 3 lunar eclipses.**

**-------------------------------------------------------------------**

**March 24–25, 2024 : Lunar Eclipse(Penumbral)**

**April 8, 2024 : Solar Eclipse (Total)**

**September 17–18, 2024 : Lunar Eclipse (Partial)**

**October 2, 2024 : Solar Eclipse (Annular)**

**October 17, 2024 : Lunar Eclipse (Almost)**

| Eclipses during 2025 |
|---|
| March 14: Total Lunar Eclipse |
| March 29: Partial Solar Eclipse |
| Sept 07: Total Lunar Eclipse |
| Sept 21: Partial Solar Eclipse |